# ਜਿਉਣਾ, ਮਰਨਾ, ਦਫ਼ਨ ਹੋਣਾ, ਜੀ ਉਠਣਾ, ਫੇਰ ਆਉਣਾ

ਇਹ ਕੁਝ ਇਸ ਤਰ੍ਹਾਂ ਹੈ ਜਿਸ ਨੂੰ ਅਸੀਂ ਮਨੁੱਖ ਦੀ ਬੋਲੀ ਵਿੱਚ ਬਿਆਨ ਨਹੀਂ ਕਰ ਸਕਦੇ, ਜਿਸ ਠਰਨ ਸਾਡੇ ਹਿਰਦੇ ਅੱਜ, ਮਹਿਸੂਸ ਕਰ ਰਹੇ ਹਨ, ਜਿਸ ਤਰ੍ਹਾਂ ਅਸੀਂ ਇੱਥੇ ਖਾਸ, ਪਵਿੱਤਰ ਸਵੇਰ ਨੂੰ ਜਮ੍ਹਾਂ ਹੋਏ ਹਾਂ। ਇਹ ਸਵੇਰ ਉਸ ਸਮੇਂ ਨੂੰ ਦਰਸਾਉਂਦੀ ਹੈ ਜਦੋਂ ਸਾਡਾ ਧਰਮ ਅਸਲ ਬਣ ਗਿਆ ਸੀ, ਕਿਉਂ ਜੋ ਇਹ ਤੇਰੇ ਕੀਮਤੀ ਪੁੱਤਰ ਦਾ ਫੇਰ ਜੀ ਉਠਣਾ ਸੀ ਜੋ ਸਾਰੀ ਮਨੁੱਖ ਜਾਤੀ ਨੂੰ ਛੁਟਕਾਰਾ ਦੇਣ ਆਇਆ ਸੀ। ਅਤੇ ਇਸ ਸਵੇਰ ਅਸੀਂ ਇੱਥੇ ਉਸ ਵੱਡੀ, ਮਹਾਨ, ਫਤਹ ਦੀ ਯਾਦਗਾਰ ਲਈ ਇੱਥੇ ਹਾਂ, ਪ੍ਰਭੂ, ਜਿਸ ਸਾਨੂੰ ਮੌਤ, ਕਬਰ ਅਤੇ ਨਰਕ ਦੋਹਾਂ ਉੱਪਰ ਫਤਹਮੰਦ ਨਾਲੋਂ ਵੱਧ ਬਣਾ ਦਿੱਤਾ ਹੈ। ਅਤੇ ਅਸੀਂ ਤੁਹਾਡਾ ਧੰਨਵਾਦ ਕਰਦੇ ਹਾਂ ਕਿ, ਇਹਨਾਂ ਸਭਨਾਂ ਸਾਲਾਂ ਦੇ ਬੀਤ ਜਾਣ ਦੇ ਬਾਅਦ, ਅਸੀਂ ਅਜੇ ਵੀ ਉਸ ਦੀ ਭਗਤੀ ਕਰਨ ਲਈ, ਈਸਟਰ ਦੀ ਸਵੇਰ ਸਵਖਤੇ ਜਮ੍ਹਾਂ ਹੋਏ ਹਾਂ, ਕਿਉਂ ਜੋ ਸਾਡੀ ਨਿਹਚਾ ਹੈ ਕਿ ਉਹ ਫੇਰ ਆਏਗਾ।

2 ਅਤੇ ਅਸੀਂ ਪ੍ਰਾਰਥਨਾ ਕਰਾਂਗੇ ਕਿ ਤੁਸੀਂ ਸਾਡੇ ਵਿਰੁੱਧ ਦਰਜ ਹੋਏ ਸਾਰੇ ਪਾਪਾਂ ਅਤੇ ਅਪਰਾਧਾਂ ਨੂੰ ਤੂੰ ਮਾਫ ਕਰ ਦਿਓਗੇ, ਜਿਸ ਤਰ੍ਹਾਂ ਅਸੀਂ ਹਲੀਮੀ ਨਾਲ ਆਪਣੀਆਂ ਗਲਤੀਆਂ ਦਾ ਇਕਰਾਰ ਕਰਦੇ ਹਾਂ, ਅਤੇ ਉਹ ਦੇ ਪ੍ਰਾਸਚਿਤ ਨੂੰ ਆਪਣੇ ਪਾਪਾਂ ਲਈ ਕਬੂਲ ਕਰਦੇ ਹਾਂ। ਸਾਡੇ ਵਿਚਕਾਰ ਜੋ ਵੀ ਰੋਗ ਪਾਏ ਜਾਂਦੇ ਹਨ ਚੰਗੇ ਕਰ, ਪ੍ਰਭੂ। ਸਾਡੀ ਸਹਾਇਤਾ ਕਰ ਜਦ ਅਸੀਂ ਅਸੀਂ ਤੇਰਾ ਪਵਿੱਤਰ ਵਚਨ ਪੜ੍ਹਦੇ ਹਾਂ, ਜੋ ਕਿ ਸਾਰੀਆਂ ਸੱਚਾਈਆਂ ਦੀ ਨੀਂਹ ਹੈ ਜੋ ਤੂੰ ਸਾਨੂੰ ਦਿੱਤਾ ਹੈ ਕਿ ਅਸੀਂ ਉਸ ਦੇ ਰਾਹੀਂ ਜਿਉਂਦੇ ਰਹੀਏ ਅਤੇ ਨਿਹਚਾ ਕਰੀਏ।

3 ਅਤੇ ਅਸੀਂ ਨਾ ਕੇਵਲ ਇੱਥੇ ਜਮ੍ਹਾਂ ਹੋਏ ਝੁੰਡ ਲਈ, ਪਰ ਸਾਰੇ ਸੰਸਾਰ ਅੰਦਰ ਜਮ੍ਹਾਂ ਹੋਏ ਝੁੰਡ ਲਈ ਪ੍ਰਾਰਥਨਾ ਕਰਦੇ ਹਾਂ, ਕਿਉਂਕਿ ਅਸੀਂ ਚਾਹਵਾਨ ਅੱਖਾਂ ਨਾਲ ਅਤੇ ਹਿਰਦੇ ਅੰਦਰ ਉਸ ਦੇ ਵਾਪਸ ਆਉਣ ਲਈ ਉਡੀਕ ਰਹੇ ਹਾਂ। ਅੱਜ ਅਸੀਂ ਅੰਧਕਾਰ, ਹਫੜਾ-ਦਫੜੀ ਵਿੱਚ ਖੜ੍ਹੇ ਹਾਂ, ਕਿ ਕਦੋਂ, ਕਿਸੇ ਵੀ ਸਮੇਂ, ਕੋਈ ਵੀ ਹੱਠ ਧਰਮੀ ਕਿਸੇ ਚੀਜ ਦਾ ਵਿਸਫੋਟ ਕਰੇਗਾ, ਅਤੇ ਇੱਕ ਬਟਨ ਦਬਾਉਣ ਤੇ, ਅਤੇ ਸਾਰਾ ਸੰਸਾਰ ਟੁਕੜਿਆਂ ਵਿੱਚ ਖਿੱਲਰ ਜਾਵੇਗਾ। ਜਿਸ ਤਰ੍ਹਾਂ ਸਾਨੂੰ ਉੱਚ ਪੱਧਰੀ ਸਰਕਾਰ ਨੇ ਦੱਸਿਆ ਹੈ, ਕਿ, ਜੇ ਫਿਰ ਕਦੇ

ਵੀ ਯੁੱਧ ਛਿੜਿਆ, ਤਾਂ ਕੁਝ ਹੀ ਘੰਟਿਆਂ ਦਾ ਹੋਵੇਗਾ। ਓਹ! ਜਿਵੇਂ ਕਿ, ਅਸੀਂ ਇੱਕ ਹੋਰ ਯੁੱਧ ਦੇ ਕੰਢੇ ਤੇ ਖੜ੍ਹੇ ਹਾਂ। ਤਾਂ, ਕਲੀਸਿਯਾ ਸ਼ਾਨਦਾਰ ਪੁਨਰਉਥਾਨ ਦੇ ਕੰਢੇ ਤੇ ਖੜ੍ਹੀ ਹੈ, ਕਿਉਂਕਿ ਅਸੀਂ ਸੁੱਤੇ ਹੋਏ ਸੰਤਾਂ ਨਾਲ ਪ੍ਰਭੂ ਦੇ ਮਿਲਣ ਲਈ, ਹਵਾ ਵਿੱਚ ਉਠਾ ਲਏ ਜਾਵਾਂਗੇ, ਅਤੇ ਹਮੇਸ਼ਾ ਉਸ ਦੇ ਨਾਲ ਰਹਾਂਗੇ।

4 ਅਸੀਂ ਤੇਰੀ ਭਗਤੀ ਕਰਨ ਲਈ ਆਏ ਹਾਂ, ਪ੍ਰਭੂ। ਅਤੇ ਅੱਜ ਸਾਨੂੰ ਕਬੂਲ ਕਰ ਲੈ। ਤੇਰੇ ਵਚਨ ਦੇ ਪੜ੍ਹੇ ਜਾਣ ਤੇ, ਅਤੇ ਗੀਤਾਂ ਦੇ ਗਾਉਣ ਤੇ ਆਸ਼ੀਸ਼ ਦੇ, ਸੁਸਮਾਚਾਰ ਦੇ ਪਰਚਾਰੇ ਜਾਣ ਤੇ ਆਸ਼ੀਸ਼ ਦੇ, ਤੌਬਾ ਕਰਨ ਵਾਲਿਆਂ ਦੀ ਪ੍ਰਾਰਥਨਾ ਕਬੂਲ ਕਰ। ਬਿਮਾਰਾਂ ਦੀ ਪ੍ਰਾਰਥਨਾ ਸੁਣ, ਅਤੇ ਆਪਣੀ ਮਹਿਮਾ ਹੋਣ ਦੇ, ਕਿਉਂਕਿ ਅਸੀਂ ਹਲੀਮੀ ਨਾਲ ਤੇਰੇ ਪੁੱਤਰ ਯਿਸੂ ਦੇ ਨਾਮ ਵਿੱਚ ਮੰਗਦੇ ਹਾਂ, ਆਮੀਨ।

5 ਤੁਹਾਡੇ ਲਈ ਜੋ ਲੈਣਾ ਚਾਹੁੰਦੇ ਹਨ ਜਿੱਥੇ ਅੱਜ ਸਵੇਰੇ ਅਸੀਂ ਪੜ੍ਹਨਾ ਚਾਹੁੰਦੇ ਹਾਂ, ਸਾਡੇ ਵਚਨਾਂ ਲਈ…

6 ਅਤੇ ਸਾਨੂੰ ਜਾਣ ਕੇ ਦੁੱਖ ਹੈ ਕਿ—ਕਿ ਸਾਡੇ ਕੋਲ ਬਿਠਾਉਣ ਲਈ ਜਗ੍ਹਾ ਨਹੀਂ ਹੈ ਇਸ ਵਧੀਆ ਲੋਕਾਂ ਦੇ ਝੁੰਡ ਲਈ ਜੋ ਇਸ ਸਵੇਰ ਸਵੱਖਤੇ ਸਾਡੇ ਨਾਲ ਮਿਲ ਕੇ ਭਗਤੀ ਕਰਨ ਆਇਆ ਹੈ, ਵੱਖ-ਵੱਖ ਗਿਰਜੇ ਅਤੇ ਵੱਖ ਸੂਬਿਆਂ ਤੋਂ, ਇੱਥੋਂ ਤਕ ਵੱਖ ਵੱਖ ਦੇਸ਼ਾਂ ਵਿੱਚੋਂ ਵੀ, ਇਸ ਸਵੇਰ ਇੱਥੇ ਡੇਰੇ ਅੰਦਰ, ਪ੍ਰਭੂ ਦੀ ਸ਼ਾਨ ਵਾਲੀ ਭਗਤੀ ਕਰਨ ਨੂੰ ਜਮ੍ਹਾਂ ਹੋਏ ਹਨ।

7 ਮੈਂ ਚਾਹੁੰਦਾ ਹਾਂ ਕਿ ਤੁਸੀਂ ਜਬੂਰਾਂ ਦੀ ਕਿਤਾਬ, ਜਬੂਰਾਂ ਦੀ ਕਿਤਾਬ 22 ਕੱਢ ਲਵੋ। ਅਤੇ ਮੈਂ ਜਾਣਦਾ ਹਾਂ ਕਿ ਇਹ ਇੱਕ ਈਸਟਰ ਦੀ ਬੰਦਗੀ ਤੇ ਪੜ੍ਹਨ ਲਈ, ਇਹ ਅਸਧਾਰਨ ਥਾਂ ਹੈ, ਪਰ ਪਰਮੇਸ਼ੁਰ ਵੀ ਅਸਧਾਰਨ ਹੈ।

8 ਹੁਣ ਇਸ ਸਭਾ ਤੋਂ ਬਾਅਦ, ਅਸੀਂ ਲੱਗਭਗ ਇੱਕ ਘੰਟੇ ਲਈ ਬੰਦ ਕਰ ਦਿਆਂਗੇ, ਤਾਂ ਜੋ ਤੁਸੀਂ ਆਪਣੇ ਨਾਸਤੇ ਲਈ ਜਾ ਸਕੋ। ਅਤੇ ਫਿਰ ਸਾਢੇ-ਨੌਂ ਵਜੇ ਸੰਡੇ ਸਕੂਲ ਦੀ ਬੰਦਗੀ ਸ਼ੁਰੂ ਹੋਵੇਗੀ। ਅਤੇ ਫਿਰ ਠੀਕ ਸੰਡੇ ਸਕੂਲ ਦੀ ਬੰਦਗੀ ਤੋਂ ਬਾਅਦ, ਇੱਥੇ ਤਲਾਅ ਵਿੱਚ—ਵਿੱਚ ਬਪਤਿਸਮੇ ਦਿੱਤੇ ਜਾਣਗੇ। ਅਤੇ ਫਿਰ ਇਸ ਦੁਪਿਹਰ ਤੋਂ ਬਾਅਦ, ਛੇ ਵਜੇ, ਅੱਜ ਰਾਤ ਨੂੰ, ਹੋਣ ਵਾਲੀ ਚੰਗਿਆਈ ਸਭਾ ਲਈ ਪ੍ਰਾਰਥਨਾ ਕਾਰਡ ਵੰਡੇ ਜਾਣਗੇ। ਅਤੇ ਜੇ ਕਰ ਤੁਹਾਡਾ ਕੋਈ ਅਜੀਜ ਹੋਵੇ ਜੋ ਰੋਗੀ ਅਤੇ ਜਰੂਰਤ ਮੰਦ ਹੈ, ਤਾਂ ਉਹਨਾਂ ਨੂੰ ਅੱਜ ਰਾਤ ਨੂੰ ਲਿਆਉਣ ਲਈ ਯਾਦ ਰੱਖਣਾ, "ਅਤੇ, ਇਹ ਆਖਰੀ ਵਾਰ ਹੋਵੇਗਾ ਜਦੋਂ ਅਸੀਂ ਕਿਸੇ ਵੇ ਤਰ੍ਹਾਂ—ਕਿਸੇ ਵੀ ਤਰ੍ਹਾਂ ਨਾਲ, ਥੋੜੀ ਦੇਰ ਲਈ, ਰੱਖ ਸਕਦੇ ਹਾਂ।" ਮੈਂ ਸਵੇਰੇ ਪੰਜ ਵਜੇ, ਲਾੱਸ ਐਂਜਲਸ ਨੂੰ, ਜਾਵਾਂਗਾ ਤੇ ਪੱਛਮੀ ਸਰਹੱਦ ਵਿੱਚ, ਲਗਾਤਾਰ ਬੰਦਗੀਆਂ ਕਰਾਂਗਾ।

9 ਹੁਣ ਅਸੀਂ, ਜਬੂਰਾਂ ਦੀ ਪੋਥੀ 22 ਵਿੱਚੋਂ ਪੜ੍ਹਾਂਗੇ।

*ਹੇ ਮੇਰੇ ਪਰਮੇਸ਼ਵਰ, ਹੇ ਮੇਰੇ ਪਰਮੇਸ਼ਵਰ, ਤੂੰ ਮੈਨੂੰ ਕਿਉਂ ਛੱਡ ਦਿੱਤਾ ਹੈ? ਅਤੇ ਮੇਰੇ ਬਚਾਉਣ ਤੋਂ,...ਤੇ ਮੇਰੀਆਂ ਭੁੱਬਾਂ ਦਿਆਂ ਸ਼ਬਦਾਂ ਤੋਂ ਕਿਉਂ ਦੂਰ ਰਹਿੰਦਾ ਹੈਂ?*

*...ਹੇ ਮੇਰੇ ਪਰਮੇਸ਼ਵਰ, ਮੈਂ ਦਿਨ ਨੂੰ ਪੁਕਾਰਦਾ ਹਾਂ, ਪਰ ਤੂੰ ਸੁਣਦਾ ਨਹੀਂ; ਅਤੇ ਰਾਤ ਨੂੰ ਵੀ, ਪਰ ਮੈਨੂੰ ਚੈਨ ਨਹੀਂ।*

*ਤੂੰ ਤਾਂ ਪਵਿੱਤਰ ਹੈ, ਤੂੰ ਜੋ ਇਸਰਾਏਲ ਦੀਆਂ ਉਸਤਤਾਂ ਵਿੱਚ ਵਸਦਾ ਹੈਂ।*

*ਸਾਡੇ ਪਿਓ ਦਾਦਿਆਂ ਨੇ ਤੇਰੇ ਉੱਤੇ ਭਰੋਸਾ ਕੀਤਾ: ਉਨ੍ਹਾਂ ਨੇ ਭਰੋਸਾ ਕੀਤਾ ਅਤੇ ਤੂੰ ਉਨ੍ਹਾਂ ਨੂੰ ਛੁਡਾਇਆ,*

*ਉਨ੍ਹਾਂ ਨੇ ਤੇਰੀ ਦੁਹਾਈ ਦਿੱਤੀ, ਅਤੇ ਛੁਟਕਾਰਾ ਪਾਇਆ: ਉਨ੍ਹਾਂ ਨੇ ਤੇਰੇ ਉੱਤੇ ਭਰੋਸਾ ਰੱਖਿਆ, ਅਤੇ ਉਹ ਸ਼ਰਮਿੰਦੇ ਨਾ ਹੋਏ।*

*ਪਰ ਮੈਂ ਕੀੜਾ ਹਾਂ, ਮੈਂ ਮਨੁੱਖ ਨਹੀਂ ਹਾਂ; ਆਦਮੀ ਦੀ ਨਮੋਸ਼ੀ,... ਅਤੇ ਲੋਕਾਂ ਵਿੱਚ ਤੁੱਛ ਹਾਂ।*

*ਜਿੰਨੇ ਮੈਨੂੰ ਵੇਖਦੇ ਹਨ ਉਹ ਮੈਨੂੰ ਮਖੌਲ ਵਿੱਚ ਉਡਾਉਂਦੇ ਹਨ: ਉਹ ਬੁੱਲ ਪਸਾਰਦੇ, ਅਤੇ ਸਿਰ ਹਿਲਾਉਂਦੇ ਹਨ, ਕਹਿੰਦੇ ਹਨ,*

*ਉਸ ਨੇ* **ਯਹੋਵਾਹ** *ਤੇ ਭਰੋਸਾ ਰੱਖਿਆ ਕਿ ਉਹ ਉਸਨੂੰ ਛੁਡਾਵੇਗਾ: ਉਹੋ ਉਸਨੂੰ ਛੁਡਾਵੇ, ਕਿਉਂ ਜੋ ਉਹ ਉਸ ਤੋਂ ਪ੍ਰਸੰਨ ਹੈ।*

*ਪਰ ਤੂੰ ਹੀ ਮੈਨੂੰ ਕੁੱਖੋਂ ਬਾਹਰ ਲਿਆਇਆ: ਅਤੇ ਮੇਰੀ ਮਾਤਾ ਦੀਆਂ ਦੁੱਧੀਆਂ ਉੱਤੇ ਮੈਨੂੰ ਭਰੋਸਾ ਦਿਲਾਇਆ।*

*ਜੰਮਦਿਆਂ ਸਾਰ ਮੈਂ ਤੇਰੇ ਉੱਤੇ ਸੁੱਟਿਆ ਗਿਆ: ਮਾਤਾ ਦੀ ਕੁੱਖ ਤੋਂ ਹੀ ਤੂੰ ਮੇਰਾ ਪਰਮੇਸ਼ਵਰ ਹੈਂ।*

*ਮੈਥੋਂ ਦੂਰ ਨਾ ਰਹਿ; ਕਿਉਂ ਜੋ ਬਿਪਤਾ ਆਨ ਢੁੱਕੀਂ ਹੈ; ਅਤੇ ਕੋਈ ਸਹਾਇਕ ਨਹੀਂ।*

*ਬਹੁਤੇ ਸਾਹਨਾਂ ਨੇ ਮੈਨੂੰ ਘੇਰ ਲਿਆ ਹੈ: ਬਾਸ਼ਾਨ ਦੇ ਬਲਵੰਤ ਬਲਦਾਂ ਨੇ ਮੈਨੂੰ ਵ.ਲ ਲਿਆ ਹੈ।*

*ਉਹ ਪਾੜਨ ਅਤੇ...ਗੱਜਣ ਵਾਲੇ ਬੱਬਰ ਸ਼ੇਰ ਵਾਂਗੂ, ਮੇਰੇ ਉੱਤੇ ਮੂੰਹ ਟੱਡਦੇ ਹਨ।*

*ਮੈਂ ਪਾਣੀ ਵਾਂਗੂ ਡੋਹਲਿਆ ਗਿਆ ਹਾਂ,...ਮੇਰੀਆਂ ਸਾਰੀਆਂ ਹੱਡੀਆਂ ਉੱਖੜ ਗਈਆਂ ਹਨ: ਮੇਰਾ ਦਿਲ ਮੋਮ ਵਰਗਾ ਹੈ; ਉਹ ਮੇਰੇ ਅੰਦਰ ਪੰਘਰ ਗਿਆ ਹੈ।*

*ਮੇਰੀ ਸ਼ਕਤੀ ਠੀਕਰੇ ਵਾਂਗੂ ਸੁੱਕ ਗਈ ਹੈ;...ਅਤੇ ਮੇਰੀ ਜੀਭ ਤਾਲੂ ਨਾਲ ਲੱਗਦੀ ਜਾਂਦੀ ਹੈ; ਅਤੇ ਤੂੰ ਮੈਨੂੰ* ਧਰਤੀ *ਦੀ* ਧੂੜ *ਵਿੱਚ* ਧਰ *ਛੱਡਿਆ।*

*ਕਿਉਂ ਜੋ ਕੁੱਤਿਆਂ ਨੇ ਮੈਨੂੰ ਘੇਰ ਲਿਆ ਹੈ: ਕੁਕਰਮੀਆਂ ਦੀ ਟੋਲੀ ਨੇ ਮੈਨੂੰ ਘੇਰਾ ਪਾ ਲਿਆ ਹੈ: ਉਨ੍ਹਾਂ ਨੇ ਮੇਰੇ ਹੱਥ ਪੈਰ ਵਿੰਨ੍ਹ ਸੁੱਟੇ ਹਨ।*

*ਮੈਂ ਆਪਣੀਆਂ ਸਾਰੀਆਂ ਹੱਡੀਆਂ ਗਿਣ ਸਕਦਾ ਹਾਂ: ਉਹ ਮੈਨੂੰ ਘੂਰ ਘੂਰ ਵੇਖਦੇ ਹਨ।*

*ਉਹ ਮੇਰੇ ਕੱਪੜੇ ਆਪੋ ਵਿੱਚ ਵੰਡ ਲੈਂਦੇ ਹਨ,...ਅਤੇ ਮੇਰੇ ਲਿਬਾਸ ਉੱਤੇ ਗੁਣਾਂ ਪਾਉਂਦੇ ਹਨ।*

*...ਪਰ ਤੂੰ* **ਯਹੋਵਾਹ***, ਦੂਰ ਨਾ ਰਹਿ:...ਹੇ ਮੇਰੇ ਬਲ, ਮੇਰੀ ਸਹਾਇਤਾ ਲਈ* ਛੇਤੀ *ਕਰ।*

*ਮੇਰੀ ਜਾਨ ਨੂੰ ਤਲਵਾਰ ਤੋਂ; ਅਤੇ ਮੇਰੇ ਜੀਵ ਨੂੰ ਕੁੱਤੇ ਦੇ ਵੱਸ ਤੋਂ ਛੁਡਾ।*

*ਬੱਬਰ ਸ਼ੇਰ ਦੇ ਮੂੰਹ ਤੋਂ ਮੈਨੂੰ ਬਚਾ: ਅਤੇ* ਜੰਗਲੀ ਸਾਹਨਾਂ *ਦੇ ਸਿੰਘਾਂ ਤੋਂ ਤੂੰ ਮੈਨੂੰ ਉੱਤਰ ਦਿੱਤਾ ਹੈ।*

*ਮੈਂ ਆਪਣਿਆਂ ਭਾਈਆਂ ਨੂੰ ਤੇਰਾ ਨਾਮ ਸੁਣਾਵਾਂਗਾ: ਅਤੇ ਸਭਾ ਵਿੱਚ ਤੇਰੀ ਉਸਤਤ ਕਰਾਂਗਾ।*

ਹਾਂ*...***ਯਹੋਵਾਹ** *ਤੋਂ ਡਰਨ ਵਾਲਿਓਂ, ਉਹ ਦੀ ਉਸਤਤ ਕਰੋ;* ਯਾਕੂਬ *ਦਾ ਸਾਰਾ* ਵੰਸ਼*, ਉਹ ਦੀ ਮਹਿਮਾ ਕਰੋ; ਅਤੇ* ਇਸਰਾਏਲ ਦਾ ਸਾਰਾ ਵੰਸ਼, *ਉਸ ਤੋਂ ਡਰੋਂ।*

*ਕਿਉਂ ਜੋ ਉਹਨੇ ਦੁਖੀਏ ਦੇ ਦੁਖ ਨੂੰ ਤੁੱਛ ਨਾ ਜਾਣਿਆ ਨਾ ਉਸ ਤੋਂ ਘਿਣ ਕੀਤੀ ਅਤੇ ਨਾ ਉਸ ਤੋਂ ਆਪਣਾ ਮੂੰਹ ਛਿਪਾਇਆ; ਸਗੋਂ ਜਦ ਉਸ ਨੇ ਉਹ ਦੀ ਦੁਹਾਈ ਦਿੱਤੀ, ਤਾਂ ਉਹ ਨੇ ਸੁਣਿਆ।*

*ਮਹਾਂਸਭਾ ਵਿੱਚ ਮੇਰਾ ਉਸਤਤ ਕਰਨਾ ਤੇਰੀ ਵੱਲੋਂ ਹੁੰਦਾ ਹੈ: ਉਸ ਤੋਂ ਡਰਨ ਵਾਲਿਆਂ ਅੱਗੇ ਮੈਂ ਆਪਣੀ ਸੁੱਖਣਾ ਪੂਰੀਆਂ ਕਰਾਂਗਾ।*

*ਅਧੀਨ ਖਾਣਗੇ ਅਤੇ ਤ੍ਰਿਪਤ ਹੋਣਗੇ:* ***ਯਹੋਵਾਹ*** *ਦੇ ਤਾਲਿਬ ਉਸ ਦੀ ਉਸਤਿਤ ਕਰਨਗੇ: ਤੁਹਾਡਾ ਮਨ ਸਦਾ ਜਿਉਂਦਾ ਰਹੇ।*

*ਧਰਤੀ ਦੀਆਂ ਸਾਡੀਆਂ ਕੂੰਟਾਂ ਚੇਤੇ ਕਰਕੇ* ***ਯਹੋਵਾਹ*** *ਵੱਲ ਫਿਰਨਗੀਆਂ: ਅਤੇ ਕੌਮਾਂ ਦੇ ਸਾਰੇ ਘਰਾਣੇ ਉਸ ਅੱਗੇ ਮੱਥਾ ਟੇਕਣਗੇ।*

*ਕਿਉਂ ਜੋ ਰਾਜ* **ਯਹੋਵਾਹ** *ਦਾ ਹੈ: ਅਤੇ ਕੌਮਾਂ ਉੱਤੇ ਉਹੋ ਹਾਕਮ ਹੈ।*

*ਧਰਤੀ ਦੇ ਸਾਰੇ ਮੋਟੇ ਲੋਕ ਖਾਣਗੇ ਅਤੇ ਉਹ ਨੂੰ ਮੱਥਾ ਟੇਕਣਗੇ: ਉਹ ਸਭ ਜੋ ਖਾਕ ਵਿੱਚ ਉਤਰਦੇ ਹਨ ਉਹਦੇ ਅੱਗੇ ਝੁਕਣਗੇ: ਅਤੇ ਕੋਈ ਆਪਣੀ ਜਾਨ ਜਿਉਂਦੀ ਨਹੀਂ ਰੱਖ ਸਕਦਾ।*

*ਇੱਕ ਵੰਸ ਉਹ ਦੀ ਸੇਵਾ ਕਰੇਗਾ; ਉਹ ਪ੍ਰਭੂ ਦੀ ਪੀੜ੍ਹੀ ਕਰਕੇ ਗਿਣਿਆ ਜਾਏਗਾ।*

*ਉਹ ਆਉਣਗੇ, ਅਤੇ ਉਹ ਦਾ ਧਰਮ ਜਨਮ ਲੈਣ ਵਾਲੀ...ਪ੍ਰਜਾ ਨੂੰ ਦੱਸਣਗੇ, ਭਈ ਉਹ ਨੇ ਹੀ ਇਹ ਕੀਤਾ ਹੈ।*

10 ਪਰਮੇਸ਼ੁਰ ਆਪਣੇ ਵਚਨ ਦੇ ਪੜ੍ਹੇ ਜਾਣ ਤੇ ਆਸ਼ੀਸ਼ ਦੇਵੇ। ਮੈਂ ਇਸ ਮੌਕੇ ਤੇ ਇਸ ਸਵੇਰੇ ਪੰਜ ਸ਼ਬਦ, ਲੈਣਾ ਚਾਹੁੰਦਾ ਹਾਂ, ਅਤੇ ਅੱਜ ਸਵੇਰੇ ਇਹਨਾਂ ਪੰਜਾਂ ਸ਼ਬਦਾਂ ਬਾਰੇ ਦੱਸਣ ਦੀ ਕੋਸ਼ਿਸ਼ ਕਰਾਂਗਾ ਜੋ ਮੇਰੇ ਮਨ ਵਿੱਚ ਹੈ, ਤੁਹਾਡੇ ਲਈ ਜੋ ਅੱਜ ਸਵੇਰੇ ਅਰਾਧਨਾ ਕਰ ਰਹੇ ਹੋ। ਮੈਂ ਇਹ ਪੰਜ ਸ਼ਬਦ ਲੈਣਾ ਚਾਹੁੰਦਾ ਹਾਂ: *ਜਿਉਣਾ, ਮਰਨਾ, ਦਫ਼ਨ ਹੋਣਾ, ਜੀ ਉਠਣਾ, ਫੇਰ ਆਉਣਾ*।

11 ਅਤੇ ਮੈਂ ਸੋਚਦਾ ਹਾਂ ਕਵੀ ਨੇ ਜਦ ਇਹ ਗੀਤ ਲਿਖਿਆ, ਬਹੁਤ ਸੁਚੱਜੇ ਢੰਗ ਨਾਲ ਗੀਤ ਅੰਦਰ ਬਿਆਨ ਕੀਤਾ, ਜੋ ਮੈਂ ਦੱਸਣਾ ਚਾਹੁੰਦਾ ਹਾਂ।

ਜਿਉਂਦੇ ਹੋਏ, ਉਸਨੇ ਮੈਨੂੰ ਪ੍ਰੇਮ ਕੀਤਾ; ਮਰਦੇ ਹੋਏ, ਉਸਨੇ ਮੈਨੂੰ ਬਚਾ ਲਿਆ;
ਦਫ਼ਨ ਹੋ ਕੇ, ਉਸਨੇ ਮੇਰੇ ਪਾਪਾਂ ਨੂੰ ਦੂਰ ਹਟਾਇਆ ਹੈ;
ਜੀ ਉੱਠਦੇ ਹੋਏ, ਉਸਨੇ ਮੈਨੂੰ ਹਮੇਸ਼ਾ ਦੇ ਲਈ ਧਰਮੀ ਠਹਿਰਾ ਕੇ ਅਜਾਦ ਕੀਤਾ:
ਕਿਸੇ ਦਿਨ ਉਹ ਫਿਰ ਆਏਗਾ—ਔਹ, ਸ਼ਾਨਦਾਰ ਦਿਨ ਹੋਵੇਗਾ!

12 ਕਦੇ ਕੋਈ ਵੀ ਜੀਵਨ ਯਿਸੂ ਵਰਗਾ ਨਹੀਂ ਹੋਇਆ, ਕਿਉਂਕਿ ਜਦ ਉਸਨੇ ਜਨਮ ਲਿਆ ਸੀ ਤਾਂ ਉਹ ਪਰਮੇਸ਼ੁਰ ਸੀ ਜੋ ਦੇਹਧਾਰੀ ਹੋਇਆ ਸੀ। ਉਹ ਇਸ

ਗੱਲ ਦਾ ਸਪਸ਼ਟੀਕਰਨ ਸੀ ਕਿ ਪਿਤਾ ਪਰਮੇਸ਼ੁਰ ਕੀ ਸੀ। ਅਤੇ ਪਰਮੇਸ਼ੁਰ ਪ੍ਰੇਮ ਹੈ, ਤਾਂ ਯਿਸੂ ਪ੍ਰੇਮ ਦਾ ਪੂਰਨ ਪ੍ਰਗਟਾਵਾ ਸੀ। ਉਹ ਪ੍ਰੇਮ ਸੀ ਉਸ ਸਮੇਂ ਤੋਂ ਜਦੋਂ ਉਸਦੇ ਛੋਟੇ ਛੋਟੇ ਹੱਥਾਂ ਨੇ ਆਪਣੀ ਮਾਂ ਦੀਆਂ ਗੱਲਾਂ ਨੂੰ ਥਪਥਪਾਇਆ ਸੀ। ਉਹ ਪ੍ਰੇਮ ਸੀ।

13 ਮੈਂ ਸੋਚਦਾ ਹਾਂ ਕਿ ਅੱਜ ਇੱਥੇ ਹੀ ਲੋਕ ਉਸ ਨੂੰ ਪਛਾਣਨ ਵਿੱਚ ਗਲਤੀ ਕਰ ਜਾਂਦੇ ਹਨ ਕਿ ਉਹ ਪ੍ਰੇਮ ਸੀ। "ਪਰਮੇਸ਼ਵਰ ਪ੍ਰੇਮ ਹੈ, ਅਤੇ ਜੋ ਪ੍ਰੇਮ ਕਰਦੇ ਹਨ ਉਹ ਪਰਮੇਸ਼ੁਰ ਤੋਂ ਜਨਮੇ ਹਨ।"

14 "ਪਰਮੇਸ਼ੁਰ ਨੇ ਉਸ ਜਗਤ ਨਾਲ ਅਜਿਹਾ ਪ੍ਰੇਮ ਕੀਤਾ, ਜੋ, ਪ੍ਰੇਮ ਦੇ ਜੋਗ ਨਹੀਂ ਸੀ, ਉਸ ਲਈ ਉਸਨੇ ਆਪਣਾ ਇਕਲੋਤਾ ਪੁੱਤਰ ਦੇ ਦਿੱਤਾ, ਤਾਂ ਜੋ ਕੋਈ ਵੀ ਉਸ ਤੇ ਵਿਸ਼ਵਾਸ ਕਰੇ ਸੋ ਨਾਸ਼ ਨਾ ਹੋਵੇ, ਪਰ ਸਦੀਪਕ ਜੀਵਨ ਪਾਏ।"

15 ਜਦੋਂ ਉਹ ਧਰਤੀ ਉੱਤੇ ਸੀ ਉਸਨੇ ਆਪਣੇ ਪ੍ਰੇਮ ਨੂੰ ਪ੍ਰਗਟ ਕੀਤਾ, ਬਹੁਤ ਸਾਰੇ ਤਰੀਕਿਆਂ ਨਾਲ, ਏਥੋਂ ਤਕ ਕਿ ਇਹ ਗੱਲ ਵਿਵਾਦ ਰਹਿਤ ਹੈ ਕਿ ਉਹ ਸਭ ਤੋਂ ਵੱਧ ਪ੍ਰੇਮ ਭਰਿਆ ਪ੍ਰਾਣੀ ਸੀ ਜੋ ਕਦੇ ਪਾਇਆ ਗਿਆ ਹੋਵੇ। ਅਤੇ ਮੈਂ ਸੋਚਦਾ ਹਾਂ, ਇੱਥੇ ਉਸ ਦੇ ਜੀਵਨ ਵਿੱਚ, ਉਸ ਨੇ ਪਰਮੇਸ਼ੁਰ ਨੂੰ ਪ੍ਰਗਟ ਕੀਤਾ ਸੀ। ਅਤੇ ਪਰਮੇਸ਼ੁਰ ਨੂੰ ਲੋਕਾਂ ਤੇ ਪ੍ਰਗਟ ਕਰਨ ਦਾ ਇੱਕੋ ਇੱਕ ਜਰਿਆ ਪ੍ਰੇਮ ਹੈ।

16 ਅਤੇ ਉਸਨੇ ਇਸ ਨਾਲ ਕੀ ਕੀਤਾ ਜਦ ਉਸ ਨੇ ਆਪਣੇ ਦਿਨਾਂ ਅੰਦਰ ਇੱਕ ਔਰਤ ਨੂੰ ਫ਼ੜਿਆ ਜੋ ਸ਼ਾਇਦ ਉਨ੍ਹਾਂ ਦਿਨਾਂ ਵਿੱਚ ਸਭ ਤੋਂ ਬਦਕਾਰ ਔਰਤ ਸੀ। ਉਹਨਾਂ ਉਸ ਨੂੰ ਦੋਸ਼ੀ ਪਾਇਆ ਸੀ, ਅਤੇ ਸ਼ਾਇਦ ਬਚਾਓ ਦਾ ਤਾਂ ਰਾਹ ਹੈ ਨਹੀਂ ਸੀ, ਜਦੋਂ ਕਿ ਉਹ ਜਨਾਹਕਾਰੀ ਦੇ ਦੋਸ਼ ਅੰਦਰ ਪਾਈ ਗਈ ਸੀ। ਅਤੇ ਉਹ ਉਸਨੂੰ ਉਸ ਸਾਹਮਣੇ ਖਿੱਚ ਲਿਆਏ ਅਤੇ ਕਹਿਣ ਲੱਗੇ, "ਤੂੰ ਕੀ ਆਖਦਾ ਹੈਂ ਉਸ ਨਾਲ ਕੀ ਕੀਤਾ ਜਾਏ?"

17 ਅਤੇ ਤਦ ਉਸ ਔਰਤ ਵੱਲ ਮੁੜਕੇ, ਅਤੇ, ਉਸ ਨੂੰ ਕਿਹਾ, "ਮੈਂ ਤੇਰੇ ਤੇ ਦੋਸ਼ ਨਹੀਂ ਲਾਉਂਦਾ। ਚਲੀ ਜਾ ਅਤੇ ਫਿਰ ਪਾਪ ਨਾ ਕਰੀਂ।" ਇਸ ਦੀ ਬਜਾਏ ਕਿ ਉਸ ਨੂੰ ਪਥਰਾਓ ਹੋਣ ਲਈ ਗਲੀ ਵਿੱਚ ਰਹਿਣ ਦਿੰਦਾ, ਕਿ ਬਘਿਆੜਾਂ ਵਾਂਗ ਉਹ ਝੁੰਡ ਉਸ ਨੂੰ ਘਸੀਟ ਕੇ ਲੈ ਜਾਂਦਾ, ਉਸਨੂੰ ਪਥਰਾਓ ਕਰਨ ਅਤੇ ਉਸਦੀ ਜਾਨ ਲੈਣ ਲਈ; ਉਸ ਦਾ ਪਿਆਰ, ਨਰਮ, ਦਯਾ ਵਾਲਾ ਹਿਰਦਾ ਜਿਨ੍ਹਾਂ ਪਾਪਾਂ ਅੰਦਰ ਉਹ ਪਾਈ ਜਾਂਦੀ ਸੀ ਉਹਨਾਂ ਵਿੱਚ ਗਹਿਰੇ ਢੰਗ ਨਾਲ ਡੁੱਬ ਗਿਆ, ਅਤੇ ਬੋਲਿਆ, "ਮੈਂ ਤੇਰੇ ਉੱਤੇ ਦੋਸ਼ ਨਹੀਂ ਲਾਉਂਦਾ। ਚਲੀ ਜਾ ਅਤੇ ਅਗਾਂਹ ਤੋਂ ਪਾਪ ਨਾ ਕਰੀਂ।"

18 ਅਤੇ ਜਦ ਉਹ ਲਾਜਰ ਦੀ ਕਬਰ ਵਾਲੇ ਰਾਹ ਤੇ ਸੀ, ਮੈਂ ਸੋਚਦਾ ਕਿ ਇਹ

ਇੱਕ ਹੋਰ ਸਮਾਂ ਸੀ ਜਿੱਥੇ ਉਸਨੇ ਪ੍ਰਗਟ ਕਰ ਵਿਖਾਇਆ ਕਿ ਪਰਮੇਸ਼ੁਰ ਸਾਰੀ ਮਨੁੱਖ ਜਾਤਿ ਲਈ ਕੀ ਹੈ। ਉਹ ਕੇਵਲ ਇੱਕ ਪਰਮੇਸ਼ੁਰ ਨਹੀਂ ਹੈ ਜੋ ਕੀਤੇ ਜਾ ਸਕਣ ਵਾਲੇ ਨੀਚ ਤੋਂ ਨੀਚ ਪਾਪ ਨੂੰ ਮਾਫ ਕਰ ਸਕਦਾ ਹੈ, ਅਤੇ ਆਪਣੇ ਮਾਫ ਕਰਨ ਵਾਲੇ ਪਿਆਰ ਨਾਲ, ਦੋਸ਼ੀ ਨੂੰ ਲੈ ਕੇ ਉਸ ਨੂੰ ਨਿਰਦੋਸ਼ ਬਣਾ ਸਕਦਾ ਹੈ, ਪਰ ਜਦੋਂ ਮੌਤ ਸਾਨੂੰ ਖਾਮੋਸ਼ ਕਰਕੇ ਸੁਲਾ ਦਿੰਦੀ ਹੈ, ਤਾਂ ਵੀ ਉਹ ਸਾਡਾ ਧਿਆਨ ਰੱਖਦਾ ਹੈ। ਮੈਂ ਸੋਚਦਾ ਹਾਂ ਉਸ ਨੇ ਮਰੀਅਮ ਅਤੇ ਮਾਰਥਾ ਨਾਲ ਰਾਹ ਤੇ ਜਾਂਦੇ ਹੋਏ ਚੰਗੀ ਤਰ੍ਹਾਂ ਪ੍ਰਗਟ ਕੀਤਾ ਸੀ, ਜਦੋਂ ਉਹ ਉਸ ਘਰ ਵਿੱਚ ਆਇਆ ਜਿੱਥੇ ਮੌਤ ਨੇ ਇੱਕ ਸੁੰਦਰ ਵਿਅਕਤੀ ਦਾ ਅੰਤ ਕਰ ਦਿੱਤਾ ਸੀ।” ਅਤੇ ਕਬਰ ਵੱਲ ਰਾਹ ਤੇ, ਜਾਂਦੇ ਹੋਏ ਵੀ, ਉਹ ਪਰਮੇਸ਼ੁਰ ਹੁੰਦੇ ਹੋਏ, ਜਾਣਦਾ ਸੀ ਕਿ ਉਹ ਉਸ ਨੂੰ ਮੁਰਦਿਆਂ ਵਿੱਚੋਂ ਜਿੰਦਾਂ ਕਰੇਗਾ, ਉਹ ਜਾਣਦਾ ਸੀ ਕਿ ਪਰਮੇਸ਼ੁਰ ਨੇ ਉਸ ਨੂੰ ਕਿਹਾ ਹੈ ਕਿ ਉਸ ਦੇ ਵਚਨ ਅੰਦਰ ਹੀ ਉਸ ਨੂੰ ਕਬਰ ਵਿੱਚੋਂ ਜਿੰਦਾ ਕਰਨ ਵਾਲੀ ਸ਼ਕਤੀ ਸੀ; ਫਿਰ ਵੀ, ਜਦ ਉਸ ਵੇਖਿਆ ਕਿ ਮਰੀਅਮ ਅਤੇ ਮਾਰਥਾ ਅਤੇ ਜੋ ਉਸ ਨਾਲ ਪ੍ਰੇਮ ਕਰਦੇ ਸਨ, ਰੌਂਦੇ ਹਨ, ਬਾਈਬਲ ਨੇ ਕਿਹਾ ਕਿ ਉਹ ਰੋਇਆ। ਇਹ ਕੀ ਸੀ? ਉਸਦਾ ਮਹਾਨ ਪ੍ਰੇਮੀ ਹਿਰਦਾ! ਜਦ ਉਸਨੇ ਉਸ ਮਨੁੱਖ ਨੂੰ ਵੇਖਿਆ, ਉਸਦੇ—ਉਸਦੇ ਮਿੱਤਰ ਦੁਖ ਵਿੱਚ ਸਨ, ਉਹ ਵੀ ਉਹਨਾਂ ਨਾਲ ਦੁਖੀ ਹੋ ਗਿਆ।

19 ਇਸ ਲਈ ਮੈਨੂੰ ਜਾਣ ਕੇ ਵੱਡੀ ਖੁਸ਼ੀ ਹੈ ਕਿ ਉਹ ਟੁੱਟੇ ਦਿਲ ਵਾਲਿਆਂ ਦੇ ਅੰਦਰ ਪਾਇਆ ਜਾਂਦਾ ਹੈ। ਅਤੇ ਸਾਡੇ ਦੁੱਖਾਂ ਅੰਦਰ, ਉਹੀ ਇਕੱਲਾ ਹੈ ਜੋ ਸਾਨੂੰ ਨਹੀਂ ਛੱਡੇਗਾ। ਜਦੋਂ ਸਭ ਫੇਲ ਹੋ ਜਾਂਦੇ ਹਨ ਉਹ ਸਾਡੇ ਨਾਲ ਖੜ੍ਹਾ ਰਹਿੰਦਾ ਹੈ, ਅਤੇ ਧਰਤੀ ਉਪਰਲੀ ਸਾਰੀ ਆਸ ਪੂਰੀ ਤਰ੍ਹਾਂ ਖਤਮ ਹੋ ਜਾਂਦੀ ਹੈ, ਉਹ ਤਦ ਵੀ ਪਰਮੇਸ਼ੁਰ ਹੈ ਅਤੇ ਉਹ ਸਾਨੂੰ ਪਿਆਰ ਕਰਦਾ ਹੈ। ਉਹ ਪਰਮੇਸ਼ੁਰ ਦਾ ਪ੍ਰਗਟਿਕਰਨ ਸੀ।

20 ਅਤੇ, ਔਹ, ਮੈਂ ਨਿਹਚਾ ਕਰਦਾ ਹਾਂ ਕਿ ਉਹ ਚਾਹੁੰਦਾ ਹੈ ਕਿ ਉਸਦੇ ਲੋਕ ਉਸਦੇ ਪਵਿੱਤਰ ਆਤਮਾ ਨਾਲ ਇਸ ਤਰ੍ਹਾਂ ਮੱਸਹ ਹੋਣ, ਕਿ ਅਸੀਂ ਕਸ਼ਟਾਂ ਅਤੇ ਪਰਤਾਵਿਆਂ ਵਿੱਚ ਇੱਕ ਦੂਜੇ ਦੇ ਕੰਮ ਆ ਸਕੀਏ, ਅਤੇ ਆਪਣੇ ਅੰਦਰੋਂ ਉਸ ਦੀ ਦਯਾ ਨੂੰ ਵਰਤੀਏ, ਜਿਸ ਤਰ੍ਹਾਂ ਕਿ ਸਾਡੇ ਦਿਲਾਂ ਵਿੱਚੋਂ ਜੋ ਉਸ ਦੇ ਆਤਮਾ ਤੋਂ ਪੈਦਾ ਹੋਏ ਹਨ, ਡੋਹਲੀ ਜਾਂਦੀ ਹੈ, ਤਾਂ ਜੋ ਜਿਉਂਦੇ ਪਰਮੇਸ਼ੁਰ ਦੇ ਪ੍ਰੇਮ ਨੂੰ ਕਲੀਸੀਆ ਵਿੱਚ ਪ੍ਰਗਟ ਕਰੀਏ। ਜੋ ਉਸ ਨੇ ਵਧੀਆ ਤਰੀਕੇ ਨਾਲ ਵਿਅਕਤ ਕੀਤਾ, ਜਾਂ, ਕਵੀ ਨੇ ਆਖਿਆ, “ਜਿਉਂਦੇ, ਉਸ ਮੈਨੂੰ ਪਿਆਰ ਕੀਤਾ!”

21 ਉਸ ਸਾਰੀ ਮਨੁੱਖ ਜਾਤਿ ਨਾਲ ਜੋ ਕੀਤਾ ਉਹੀ ਵਿਖਾਇਆ, ਜਿਸ ਤਰ੍ਹਾਂ

ਉਸ ਨੇ ਯਿਸੂ ਮਸੀਹ ਵਿੱਚ ਪਰਮੇਸ਼ੁਰ ਨੂੰ ਪ੍ਰਗਟ ਕੀਤਾ। ਉਸ ਨੇ ਆਪਣੇ ਵਿਚਾਰ ਮਨੁੱਖ ਜਾਤਿ ਤੇ ਪੇਸ਼ ਕੀਤੇ, ਕਿ ਉਹਨਾਂ ਨੂੰ ਮਾਫ ਕਰਕੇ ਪ੍ਰੇਮ ਕਰੇ ਜੋ ਇਸ ਯੋਗ ਹੀ ਨਹੀਂ ਸਨ। ਅਤੇ ਮੈਂ ਹੈਰਾਨ ਹਾਂ, ਇਸ ਈਸਟਰ ਦੀ ਸਵੇਰ, ਸਾਡੇ ਅੰਦਰ ਕਿੰਨ੍ਹਾ ਘਾਟਾ ਹੈ। ਅਸੀਂ ਉਹਨਾਂ ਨਾਲ ਪ੍ਰੇਮ ਕਰਦੇ ਹਾਂ ਜੋ ਸਾਡੇ ਨਾਲ ਪ੍ਰੇਮ ਕਰਦੇ ਹਨ, ਪਰ ਉਸ ਨੇ ਉਹਨਾਂ ਨਾਲ ਪ੍ਰੇਮ ਕੀਤਾ ਜੋ ਉਸ ਨੂੰ ਪ੍ਰੇਮ ਨਹੀਂ ਕਰਦੇ ਸਨ।

22 ਉਹ ਪ੍ਰੇਮ ਦਾ ਪਹਿਲਾ, ਮਹਾਨ ਨੁਮਾਇੰਦਾ ਸੀ, ਜੋ ਧਰਤੀ ਤੇ ਆਇਆ। ਅਤੇ ਧਰਤੀ ਤੇ ਰਹਿਣ ਵਾਲੇ ਜਿਨ੍ਹਾਂ ਨੂੰ ਉਸਨੇ ਪ੍ਰੇਮ ਕੀਤਾ, ਉਹਨਾਂ ਤੋਂ ਹੀ ਤੁੱਛ ਜਾਣਿਆ ਗਿਆ। ਕੋਈ ਮਨੁੱਖ ਉਸ ਵਰਗਾ ਪ੍ਰੇਮ ਨਹੀਂ ਕਰ ਸਕਿਆ; ਅਤੇ ਨਾ ਹੀ ਕਿਸੇ ਮਨੁੱਖ ਨਾਲ ਉਸ ਵਾਂਗੂ ਇਨ੍ਹੀਂ ਨਫ਼ਰਤ ਕੀਤੀ ਗਈ। ਉਹਨਾਂ ਉਸ ਨਾਲ ਨਫ਼ਰਤ ਕੀਤੀ ਅਤੇ ਉਸ ਨੂੰ ਤੁੱਛ ਜਾਣਿਆ, ਅਤੇ ਉਸ ਨੂੰ ਰੱਦ ਦਿੱਤਾ, ਪਰ ਇਸ ਨਾਲ ਉਸਦਾ ਪ੍ਰੇਮ ਰੁਕਿਆ ਨਹੀਂ। ਆਖਰ, ਜਦ ਉਹ ਸਲੀਬ ਤੇ ਲਟਕ ਰਿਹਾ ਸੀ, ਆਖਰਕਾਰ ਜੋ ਜੀਵਨ ਉਸਨੇ ਬਿਤਾਇਆ ਸੀ ਚੰਗੀਆਂ ਕੰਮਾਂ ਤੋਂ ਬਿਨਾਂ ਹੋਰ ਕੁਝ ਨਹੀਂ ਕੀਤਾ ਸੀ, ਦੋਸ਼ੀਆਂ ਨੂੰ ਮਾਫ਼ੀ ਦੇਣਾ, ਰੋਗੀਆਂ ਨੂੰ ਚੰਗਾ ਕਰਨਾ, ਕੇਵਲ ਚੰਗੇ ਹੀ ਕੰਮ ਕੀਤੇ ਸਨ। ਜਦ ਉਸ…ਸਲੀਬ ਤੇ ਆਖਰੀ ਸਾਹ ਲੈ ਰਿਹਾ ਸੀ, ਜੋ ਨੇੜੇ ਖੜੇ ਸਨ, ਉਸ ਤੇ ਥੁੱਕ ਕੇ, ਉਸ ਦਾ ਮਖੋਲ ਉਡਾ ਰਹੇ ਸਨ, ਅਤੇ ਟੰਗੇ ਹੋਏ ਹੀ ਆਪਣੇ ਪਵਿੱਤਰ ਮੂੰਹ ਤੋਂ ਪਿਆਰ ਭਰੇ ਹਿਰਦੇ ਤੋਂ, ਉਸਨੇ ਚਿਲਾ ਕੇ ਕਿਹਾ, “ਪਿਤਾ, ਉਹਨਾਂ ਨੂੰ ਮਾਫ ਕਰ ਦਿਓ, ਕਿਓ ਜੋ ਉਹ ਨਹੀਂ ਜਾਣਦੇ ਕਿ ਉਹ ਕੀ ਕਰਦੇ ਹਨ।”

23 ਉਹ ਸਮਝਦਾ ਸੀ। ਪਰਮੇਸ਼ੁਰ ਹੋਣ ਕਰਕੇ, ਉਹ ਸਮਝਦਾ ਸੀ। ਇਹੀ ਕਾਰਣ ਹੈ ਜਦ ਕਿ ਅਸੀਂ ਪ੍ਰੇਮ ਕਰਨ ਦੇ ਯੋਗ ਹੀ ਨਹੀਂ, ਉਹ ਸਾਨੂੰ ਪਿਆਰ ਕਰ ਸਕਦਾ ਹੈ, ਕਿਉਂਕਿ ਉਹ ਪਰਮੇਸ਼ੁਰ ਹੈ ਅਤੇ ਉਹ ਸਮਝਦਾ ਹੈ। “ਜਿਉਂਦੇ ਜੀ, ਉਸਨੇ ਮੈਨੂੰ ਪ੍ਰੇਮ ਕੀਤਾ,” ਉਸ ਵਰਗਾ ਜੀਵਨ ਕਦੇ ਕਿਸੇ ਨੇ ਨਹੀਂ ਗੁਜਾਰਿਆ, ਕਿਉਂ ਜੋ ਉਹ ਪ੍ਰੇਮ ਨਾਲ ਲਵੇਟਿਆ ਹੋਇਆ ਸੀ।

24 “ਮਰਕੇ, ਉਸਨੇ ਮੈਨੂੰ ਬਚਾਇਆ।” ਇੱਕ ਮੌਤ, ਜਦ ਅਦਨ ਦੇ ਬਾਗ ਅੰਦਰ, ਜਦ ਯਹੋਵਾਹ ਪਰਮੇਸ਼ੁਰ ਦੀ ਮੰਗ ਸੀ, ਪਾਪ ਦੀ ਮਜਦੂਰੀ ਮੌਤ ਸੀ, ਅਤੇ ਇਸ ਅੰਦਰ ਕੋਈ ਤਬਦੀਲੀ ਨਹੀਂ ਹੋ ਸਕਦੀ ਸੀ। ਇਸ ਤੋਂ ਬਿਨਾਂ ਹੋਰ ਕੋਈ ਰਾਹ, ਨਹੀਂ ਸੀ। ਕਿਉਂ ਜੋ, ਪਰਮੇਸ਼ੁਰ ਸਭ ਤੋਂ ਉੱਪਰ ਹੈ, ਅਤੇ ਉਹ ਅਨੰਤ ਹੈ, ਧਰਤੀ ਅਤੇ ਆਕਾਸ਼ ਦਾ ਨਿਆਈ ਹੈ। ਪਾਪ ਦੀ ਸਜਾ ਮੌਤ ਹੈ, ਅਤੇ ਕੋਈ ਇੱਕ ਵੀ ਨਹੀਂ ਸੀ ਜੋ ਦੂਸਰੇ ਦੇ ਥਾਂ ਤੇ ਇਸ ਸਜਾ ਦਾ ਭੁਗਤਾਨ ਕਰ ਸਕਦਾ। ਕਿਉਂਕਿ ਭਾਵੇਂ ਕੋਈ ਮਨੁੱਖ ਦੂਸਰੇ ਲਈ ਜਾਨ ਦੇ ਵੀ ਦੇਵੇ, ਤਾਂ

ਵੀ ਸ਼ੁਰੂ ਵਿੱਚ ਤਾਂ ਉਹ ਪਾਪੀ ਹੀ ਹੈ। ਸਾਡੇ ਵਿੱਚੋਂ ਕੋਈ ਇੱਕ ਵੀ ਦੂਜੇ ਦੀ ਸਹਾਇਤਾ ਨਹੀਂ ਕਰ ਸਕਦਾ ਸੀ, ਕਿਉਂ ਜੋ ਅਸੀਂ ਸੱਭੇ ਦੋਸ਼ੀ ਸਾਂ। "ਅਸੀਂ ਪਾਪ ਵਿੱਚ ਜਨਮੇ ਹਾਂ, ਬਦੀ ਵਿੱਚ ਘੜੇ ਗਏ, ਅਤੇ ਸੰਸਾਰ ਅੰਦਰ ਝੂਠ ਬੋਲਦੇ ਹੋਏ ਆਏ।" ਅਤੇ ਉਮੀਦ ਦੀ ਇੱਕ ਕਿਰਨ ਵੀ, ਕਿਤੇ ਨਾ ਸੀ। ਪਰਮੇਸ਼ੁਰ ਵੱਲੋਂ, ਸਾਡੇ ਤੇ ਮੌਤ ਦੀ ਸਜਾ ਸੁਣਾਈ ਹੋਈ ਸੀ, ਅਤੇ ਧਰਤੀ ਤੇ ਰਹਿਣ ਵਾਲਾ ਹਰੇਕ ਪ੍ਰਾਣੀ ਇਸ ਸਜਾ ਦੇ ਹੇਠ ਸੀ। ਹੋ ਸਕਦਾ ਹੈ ਇੱਥੇ ਧਰਮੀ ਮਨੁੱਖ ਜਨਮ ਲੈਣ ਅਤੇ ਮਹਾਨ ਕੰਮ ਕਰ ਸਕਦੇ ਸਨ, ਪਰ ਜਨਮ ਤੋਂ ਹੀ ਉਹ ਪਾਪੀ ਸਨ।

25 ਇਸ ਦਾ ਭੁਗਤਾਨ ਕਰਨ ਦਾ ਬਸ ਇੱਕ ਹੀ ਤਰੀਕਾ ਸੀ, ਅਤੇ ਉਹ ਸੀ ਪਰਮੇਸ਼ੁਰ ਦੀ ਆਪਣੀ ਮੌਤ। ਇਸ ਲਈ ਕਿਉਂ ਜੋ ਪਰਮੇਸ਼ੁਰ, ਇੱਕ ਆਤਮਾ ਹੈ, ਅਤੇ ਮਰ ਨਹੀਂ ਸਕਦਾ, ਪਰ ਉਹ ਇੱਕ ਮਾਸ ਦਾ ਬਦਨ ਵਿੱਚ ਹੇਠਾਂ ਆਇਆ ਅਤੇ ਇੱਕ ਪ੍ਰੇਮੀ ਜੀਵਨ ਅੰਦਰ ਆਪਣੇ ਆਪ ਨੂੰ ਪ੍ਰਗਟਾਇਆ; ਕਿ ਉਹ ਆਪਣੀਆਂ ਸਾਰੀਆਂ ਭਲਿਆਈਆਂ ਸਣੇ, ਆਪਣੀ ਹੀ ਇੱਛਿਆ ਨਾਲ ਮਹਾਨ ਕੁਰਬਾਨੀ ਦੇਵੇ, ਅਤੇ ਦੋਸ਼ੀਆਂ ਦੇ ਦੋਸ਼ ਆਪਣੇ ਸਿਰ ਲੈ ਸਕੇ। ਅਸੀਂ ਸੱਭੇ ਪਾਪੀ ਹਾਂ, ਅਤੇ ਸੰਸਾਰ ਅੰਦਰ ਸਾਡੇ ਬਚਾਏ ਜਾਣ ਦਾ ਰਾਹ ਹੈ ਹੀ ਨਹੀਂ। ਉਹ ਧਰਤੀ ਤੇ ਸਿਰਫ਼ ਆਪ ਨੂੰ ਵਿਖਾਉਣ ਲਈ ਹੀ ਨਹੀਂ ਆਇਆ ਸੀ, ਪਰ ਉਹ ਕੁਰਬਾਨੀ ਦੇਣ ਲਈ ਮਰਨ ਨੂੰ ਆਇਆ।

26 ਹਾਬਲ ਨੇ ਇਹ ਨੂੰ ਦਰਸਾਇਆ ਜਦ ਉਸਨੇ ਪਰਮਸ਼ੂਰ ਨੂੰ ਕਾਇਨ ਨਾਲੋਂ ਜਿਆਦਾ ਵਧੀਆ ਕੁਰਬਾਨੀ ਚੜ੍ਹਾਈ; ਜਦ ਉਸਨੇ ਇੱਕ ਛੋਟੇ ਮੇਮਨੇ ਦੀ ਗਰਦਨ ਦੁਆਲੇ ਅੰਗੂਰਾਂ ਦੀ ਵੇਲ ਵਲੇਟ ਕੇ, ਚਟਾਨ ਕੋਲ ਲੈ ਆਇਆ। ਉਸਨੇ ਛੋਟੇ ਬੱਚੇ ਨੂੰ ਚਟਾਨ ਤੇ ਲਿਟਾ ਕੇ, ਉਸ ਦੀ ਠੋਡੀ ਪਿਛਾਂਹ ਨੂੰ ਚੁੱਕੀ, ਅਤੇ ਇੱਕ—ਇੱਕ ਪੱਥਰ ਦੇ ਨਾਲ ਉਹ ਦਾ ਛੋਟਾ ਗਲ੍ਹਾ ਕੱਟ ਦਿੱਤਾ; ਅਤੇ ਉਹ ਦਾ ਲਹੂ ਵਗਣ ਲੱਗ ਪਿਆ, ਅਤੇ ਤੜਫ ਤੜਫ ਕੇ ਮਰਨ ਲੱਗਾ, ਅਤੇ ਉਸ ਦੇ ਛੋਟੇ ਸਿਰ ਦੇ ਵਾਲ ਲਹੂ ਨਾਲ ਲਿੱਬੜ ਗਏ। ਹਾਬਲ ਨੇ ਉੱਥੇ ਕਲਵਰੀ ਨੂੰ ਦਰਸਾਇਆ।

27 ਜਦ ਉਹ ਪਰਮੇਸ਼ੁਰ ਦਾ ਮੇਮਨਾ, ਜੋ ਧਰਤੀ ਦੀ ਨੀਂਹ ਧਰਨ ਤੋਂ ਪਹਿਲਾਂ ਹੀ ਕੁਰਬਾਨ ਹੋ ਚੁੱਕਾ ਸੀ, ਦੋਸ਼ੀ ਪਾਪੀਆਂ ਦੀ ਥਾਂ ਲੈਣ ਨੂੰ ਆਇਆ, ਤਾਂ ਉਹ ਮਾਰਿਆ ਅਤੇ ਕੁਚਲਿਆ, ਅਤੇ—ਅਤੇ ਉਸ ਨੂੰ ਮਜਾਕ ਅਤੇ ਠੱਠਾ ਕੀਤਾ ਗਿਆ, ਅਜਿਹੀ ਮੌਤ ਮਰਿਆ ਜੋ ਆਪ ਪਰਮੇਸ਼ੁਰ ਤੋਂ ਬਿਨਾਂ ਕੋਈ ਹੋਰ ਪ੍ਰਾਣੀ ਨਹੀਂ ਮਰ ਸਕਦਾ ਸੀ, ਅਤੇ ਲਹੂ ਨਾਲ ਭਰੀਆਂ ਜੁਲਫਾਂ ਉਸ ਦੀਆਂ ਮੋਢਿਆਂ ਤੋਂ ਲਟਕ ਰਹੀਆਂ ਸਨ, ਜਮੀਨ ਤੇ ਲਹੂ ਦੀਆਂ ਬੂੰਦਾਂ ਟਪਕਦੀਆਂ ਸਨ, ਦਰਸਾਉਂਦੀਆਂ ਸਨ ਕਿ ਪਾਪ ਕਿੰਨ੍ਹੀ ਭਿਆਨਕ ਚੀਜ ਹੈ, ਮਨੁੱਖ ਨੂੰ ਨੂੰ

ਪਾਪ ਵਾਲੇ ਜੀਵਨ ਤੋਂ ਛੁਡਾਉਣ ਲਈ ਜਦ ਉਸ ਨੂੰ ਮਰਨਾ ਪਿਆ। ਉਸ ਤਰ੍ਹਾਂ ਕੋਈ ਮਰ ਨਹੀਂ ਸਕਦਾ ਸੀ। ਉਸ ਮੌਤ ਸਾਹਮਨੇ ਕੋਈ ਠਹਿਰ ਨਹੀਂ ਸਕਦਾ ਸੀ। ਇਸ ਪ੍ਰਕਾਰ ਆਖਿਆ ਗਿਆ ਹੈ, "ਜਦ ਉਹਨਾਂ ਉਸ ਦੀ ਵੱਖੀ ਵਿੱਚ ਖੋਭਿਆ, ਤਾਂ ਉੱਥੇ ਪਾਣੀ ਅਤੇ ਲਹੂ ਦੀ ਧਾਰ ਵਗੀ।"

28 ਕੁਝ ਸਮਾਂ ਪਹਿਲਾਂ ਦੀ ਗੱਲ ਹੈ, ਮੈਂ ਕਿਸੇ ਇੱਕ ਨਾਲ ਇਸ ਬਾਰੇ ਗੱਲ ਕਰ ਰਿਹਾ ਸੀ। ਉਹ ਇੱਕ ਵਿਗਿਆਨਿਕ ਸੀ ਉਸ ਕਿਹਾ, "ਇਸ ਤਰ੍ਹਾਂ ਹੋਣ ਦਾ ਸਿਰਫ਼ ਇੱਕੋ ਇੱਕ ਕਾਰਣ ਹੋ ਸਕਦਾ ਹੈ। ਅਤੇ ਇਹ ਰੋਮ ਦੇ ਨੇਜੇ ਕਾਰਣ ਨਹੀਂ ਹੋਇਆ, ਕਿ ਉਹ ਮਰਿਆ; ਨਾ ਹੀ ਉਹ ਲਹੂ ਦੇ ਵਹਿਣ ਨਾਲ, ਉਹ ਮਰਿਆ, ਕਿਉਂ ਜੋ ਉਸ ਵੇਲੇ ਵੀ ਉਸ ਦੇ ਬਦਨ ਵਿੱਚ ਲਹੂ ਸੀ। ਉਹ ਕਾਹਦੇ ਨਾਲ ਮਰਿਆ, ਰੋਮ ਦੇ ਨੇਜੇ ਨੇ ਉਸਨੂੰ ਨਹੀਂ ਮਾਰਿਆ, ਨਾ ਹੀ ਹੱਥਾਂ ਵਿੱਚ ਠੋਕੇ ਗਏ ਕਿੱਲਾਂ ਨੇ, ਨਾ ਹੀ ਉਸਦੇ ਸਿਰ ਤੇ ਰੱਖੇ ਹੋਏ ਕੰਡਿਆਂ ਦੇ ਤਾਜ ਨਾਲ। ਪਰ ਕਾਰਣ...ਦੁਖ ਨੇ ਉਸਨੂੰ ਮਾਰਿਆ, ਕਿਉਂ ਜੋ ਉਹ ਆਪਣਿਆਂ ਨੂੰ ਛੁਟਕਾਰਾ ਦੇਣ ਆਇਆ ਸੀ ਪਰ ਉਸਦੇ ਆਪਣਿਆਂ ਨੇ ਉਸ ਨੂੰ ਕਬੂਲ ਨਾ ਕੀਤਾ। ਉਹ ਟੁੱਟੇ ਦਿਲ ਕਰਕੇ ਮਰਿਆ ਸੀ। ਜਦ ਕਿ, ਉਹ ਜਾਣਦਾ ਸੀ ਉਹੀ ਸਮੇਂ ਦੇ ਪ੍ਰਾਣੀ, ਜਿਨ੍ਹਾਂ ਨੂੰ ਛੁਡਾਉਣ ਲਈ ਉਹ ਮਰੇਗਾ, ਉਹਨਾਂ ਉਸ ਤੇ ਥੁੱਕਿਆ, ਅਤੇ ਉਹ ਮਨੁੱਖ ਨੂੰ ਰੱਦਿਆ ਗਿਆ।"

29 ਦਾਊਦ, ਅੱਠ ਸੌ ਸਾਲ ਪਹਿਲਾਂ ਉਸੇ ਤਰ੍ਹਾਂ ਜਿਸ ਪ੍ਰਕਾਰ ਉਹ ਕਲਵਰੀ ਤੇ ਚਿਲਾਇਆ ਸੀ, ਪੁਕਾਰ ਉੱਠਿਆ ਸੀ, "ਮੇਰੇ ਪਰਮੇਸ਼ੁਰ, ਤੂੰ ਮੈਨੂੰ ਕਿਉਂ ਛੱਡ ਦਿੱਤਾ ਹੈ?"

30 ਪਾਪ ਦਾ ਕੰਮ ਕਿੰਨ੍ਹਾ ਖਤਰਨਾਕ ਹੁੰਦਾ ਹੈ, ਉਹ ਮਨੁੱਖ ਨੂੰ ਪਰਮੇਸ਼ੁਰ ਤੋਂ ਵੱਖ ਕਰ ਦਿੰਦਾ ਹੈ! ਉਹ ਪਾਪ ਬਲੀ ਬਣ ਗਿਆ ਸੀ ਜੋ ਸਾਡੇ ਪਾਪਾਂ ਲਈ ਦਿੱਤੀ ਜਾਣੀ ਸੀ। ਉਹ ਪਰਮੇਸ਼ੁਰ ਦੀ ਹਜ਼ੂਰੀ ਤੋਂ ਅਲੱਗ ਕਰ ਦਿੱਤਾ ਗਿਆ ਸੀ। ਪਾਪ ਨੇ ਉਹਨੂੰ ਅਲੱਗ ਕੀਤਾ ਸੀ। ਪਰਮੇਸ਼ੁਰ ਨੇ ਸਾਡੇ ਪਾਪਾਂ ਨੂੰ ਉਸ ਉੱਤੇ ਲੱਦ ਦਿੱਤਾ, ਅਤੇ ਉਹ ਪਰਮੇਸ਼ੁਰ ਤੋਂ ਵੱਖ ਕੀਤਾ ਗਿਆ ਸੀ, ਅਤੇ ਇਹੀ ਕਾਰਨ ਹੈ ਕਿ ਉਹ ਚਿਲਾਇਆ, "ਤੂੰ ਮੈਨੂੰ ਕਿਉਂ ਛੱਡ ਦਿੱਤਾ ਹੈ?" ਅਤੇ ਕਿਉਂਕਿ ਉਹ ਰੱਦਿਆ ਗਿਆ ਸੀ, ਅਤੇ ਇਸ ਜਗ੍ਹਾ ਨੂੰ ਲੈ ਲਿਆ ਸੀ, ਅਤੇ ਉਸ ਨੇ ਆਪਣੇ ਲੋਕਾਂ ਨੂੰ ਵੇਖਿਆ, ਕਿ ਜਿਨ੍ਹਾਂ ਲੋਕਾਂ ਦਾ ਉਹ ਬਚਾਉਣ ਵਾਲਾ ਹੋਵੇ ਅਤੇ ਉਹਨਾਂ ਨੂੰ ਜੀਵਨ ਦੇਵੇ, ਉਹਨਾਂ ਨੇ ਉਸਨੂੰ ਰੱਦ ਦਿੱਤਾ ਸੀ, ਅਤੇ ਇਸ ਨਾਲ ਉਹ ਇੰਨ੍ਹਾਂ ਦੁਖੀ ਹੋਇਆ, ਕਿ, ਏਥੋਂ ਤਕ ਉਸ ਦਾ ਦਿਲ ਇਨਾਂ ਟੁੱਟ ਗਿਆ ਕਿ ਲਹੂ ਅਤੇ ਪਾਣੀ, ਅਤੇ ਉਸ ਦੀ ਦੇਹ ਅੰਦਰਲੇ ਤੱਤ, ਵੱਖ ਹੋ ਗਏ।

31 ਮਨੁੱਖ ਕਦੇ ਨਹੀਂ ਜਣੇਗਾ ਕਿ ਉਹ ਕੀ ਸੀ। ਇਹੀ ਕਾਰਨ ਹੈ ਕਿ ਕੋਈ ਕਦੇ ਇਸ ਤਰ੍ਹਾਂ ਨਹੀਂ ਮਰ ਸਕਦਾ। ਮੈਂ ਇਸ ਦੀ ਪਰਵਾਹ ਨਹੀਂ ਕਰਦਾ ਕਿ ਤੁਹਾਨੂੰ ਕੋਈ ਕਿੰਨ੍ਹਾ ਵੀ ਸਤਾਵੇ, ਤੁਹਾਨੂੰ ਚਾਹੇ ਪੈਰਾ ਵੱਲੋਂ ਸਕੰਜੇ ਵਿੱਚ, ਵੱਡੇ ਤਸੀਹੇ ਨਾਲ, ਇੰਚ ਇੰਚ ਟੁਕੜੇ ਕਰਕੇ,ਸਾੜ ਦਵੇ; ਤਾਂ ਵੀ ਤੁਸੀਂ ਉਸ ਤਰ੍ਹਾਂ ਦੀ ਮੌਤ ਨਹੀਂ ਮਰ ਸਕਦੇ, ਕਿਉਂ ਜੋ ਤੁਸੀਂ ਉਸ ਪ੍ਰਕਾਰ ਦੀ ਬਣਤਰ ਨਹੀਂ ਹੋ। ਉਹ ਤਾਂ ਪਰਮੇਸ਼ੁਰ ਹੀ ਹੋਣਾ ਚਾਹੀਦਾ ਸੀ। ਉਸ ਨੂੰ ਤਾਂ ਮਨੁੱਖ ਨਾਲੋਂ ਵੀ ਵੱਡਾ, ਹੋਣਾ ਚਾਹੀਦਾ ਹੈ। ਅਤੇ, ਸੋਚੋ, ਕਿ, ਪਰਮੇਸ਼ੁਰ ਮਰਿਆ। ਉਹ ਦਿਲ ਟੁੱਟਣ ਨਾਲ ਮਰ ਗਿਆ, ਸੰਸਾਰ ਲਈ ਅਜਿਹੇ ਗਮ ਨਾਲ, ਇੱਥੋਂ ਤਕ ਉਸਦੇ ਬਦਨ ਅੰਦਰ ਹੀ ਭੌਤਿਕ ਤੱਤਾਂ ਦੀ ਕਿਰਿਆ ਹੋਈ ਜੋ ਤੁਹਾਡੇ ਸ਼ਰੀਰ ਅੰਦਰ ਨਹੀਂ ਹੋ ਸਕਦੀ। ਤੁਸੀਂ ਉਸ ਤਰ੍ਹਾਂ ਦਾ ਦੁਖ ਨਹੀਂ ਝੱਲ ਸਕਦੇ। ਕੋਈ ਇਸ ਤਰ੍ਹਾਂ ਦਾ ਰਾਹ ਹੀ ਨਹੀਂ ਹੈ ਕਿ ਤੁਸੀਂ ਉਸ ਵਰਗੇ ਦੁਖ ਸਹਿ ਸਕੋ। ਅਤੇ ਇੱਕ ਹੀ ਸੀ ਜੋ ਸਹਿ ਸਕਦਾ ਸੀ, ਉਸਨੇ ਸਿਹਾ।

32 ਉਹ ਅਨਮੋਲ ਜੀਵਨ ਉੱਥੇ ਟੰਗਿਆ ਸੀ ਜੋ ਭਲੇ ਕੰਮ ਕਰਨ ਅਤੇ ਪ੍ਰੇਮ ਤੋਂ ਬਿਨਾਂ ਹੋਰ ਕੁਝ ਨਹੀਂ ਜਾਣਦਾ ਸੀ, ਅਕਾਸ਼ ਅਤੇ ਧਰਤੀ ਦੇ ਵਿਚਕਾਰ ਲਟਕਾਇਆ ਗਿਆ, ਉਥੇ ਉਠਾਇਆ ਗਿਆ, ਨੰਗਾ ਕੀਤਾ ਗਿਆ, ਸ਼ਰਮਿੰਦਾ ਕੀਤਾ ਗਿਆ। ਸੋਚੋ ਜੇ ਕਰ ਤੁਹਾਨੂੰ ਨੰਗਾ ਕੀਤਾ ਜਾਵੇ, ਤਾਂ ਕਿਸ ਤਰ੍ਹਾਂ ਲੱਗੇਗਾ; ਤੁਸੀਂ ਸਮਝ ਹੀ ਨਹੀਂ ਸਕੋਗੇ ਕਿ ਇਹ ਪਰਮੇਸ਼ੁਰ ਦੀ ਉੱਥੇ ਲਟਕੇ ਰਹਿਣ ਵਿੱਚ, ਕਿੰਨ੍ਹੀ ਬੇਇੱਜਤੀ ਹੋਵੇਗੀ। ਮੈਂ ਜਾਣਦਾ ਹਾਂ ਸਲੀਬ ਉੱਤੇ ਯਿਸੂ ਦੀ ਮੂਰਤ ਦੇ ਨਾਲ ਇੱਕ ਛੋਟੀ ਜਿਹੀ ਚੀਜ ਹੁੰਦੀ ਹੈ, ਪਰ ਉਨ੍ਹਾਂ ਇਹ ਕਦੇ ਨਹੀਂ ਕੀਤਾ ਸੀ। ਕੀ ਇਹ ਸਿਰਫ਼ ਸਲੀਬ ਤੇ ਬਣਾ ਦਿੱਤਾ ਗਿਆ ਹੈ, ਜਾਂ ਚਿੱਤਰਕਾਰ ਨੇ ਇਸ ਨੂੰ ਉਸ ਤੇ ਰੱਖਿਆ ਹੈ। ਉਹਨਾਂ ਉਸ ਦੇ ਬਸਤ੍ਰ ਲਾਹ ਲਏ। ਉਸਨੇ ਚੋਗਾ ਪਾਇਆ ਹੋਇਆ ਸੀ, ਉਹਨਾਂ ਨੇ ਉਸ ਤੋਂ ਇਸ ਨੂੰ ਪਾੜ ਲਿਆ ਅਤੇ ਉਸ ਤੇ ਗੁਣੇ ਪਾਏ। ਉਹ ਬੇਹੱਦ, ਬੇਇੱਜਤ ਕੀਤਾ ਗਿਆ। ਫਿਰ ਵੀ, ਪਰਮੇਸ਼ੁਰ ਹੁੰਦੇ ਹੋਏ, ਉਸ ਨੂੰ ਖੜ੍ਹਾ ਰਹਿਣਾ ਪਿਆ, ਅਤੇ ਪਾਪੀਆਂ ਨੇ ਉਸ ਦੇ ਚਿਹਰੇ ਤੇ ਥੁੱਕਿਆ। ਫਿਰ ਵੀ, ਸਾਦਗੀ ਦਾ—ਦਾ ਅਥਾਹ ਸਾਗਰ ਹੁੰਦੇ ਹੋਏ ਵੀ, ਉਸਨੂੰ ਜਨਤਾ ਸਾਹਮਣੇ ਨੰਗੇਜ ਹਾਲਤ ਵਿੱਚ, ਮਰਨਾ ਪਿਆ। ਉਸ ਤੇ ਇਸਦਾ ਦਾ ਅਜਿਹਾ ਅਸਰ ਹੋਇਆ, ਕਿ ਇਸ ਨੇ ਲਹੂ ਅਤੇ ਪਾਣੀ ਨੂੰ ਅਲੱਗ ਕਰ ਦਿੱਤਾ। ਹੈਰਾਨੀ ਦੀ ਗੱਲ ਨਹੀਂ...ਮੈਂ ਸੋਚਦਾ ਹਾਂ ਕਿ ਕਵੀ ਨੇ ਜਦ ਇਸ ਤਰ੍ਹਾਂ ਆਖਿਆ ਤਾਂ ਉਸ ਨੇ ਵਧੀਆ ਵਿਖਿਆਨ ਕੀਤਾ:

> ਥਿੜਕਦੀਆਂ ਚਟਾਨਾਂ ਅਤੇ ਘਣਘੋਰ ਆਸਮਾਨਾਂ ਹੇਠ,
> ਮੇਰੇ ਮੁਕਤੀਦਾਤਾ ਨੇ ਆਪਣਾ ਸਿਰ ਝੁਕਾਇਆ ਅਤੇ
> ਮਰ ਗਿਆ;

ਪਰ ਹੈਕਲ ਦੇ ਪਰਦੇ ਦੇ ਫੱਟ ਜਾਣ ਤੇ ਉਹ ਰਾਹ ਪ੍ਰਗਟ ਹੋਇਆ
ਸਵਰਗ ਦੀਆਂ ਖੁਸ਼ੀਆਂ ਅਤੇ ਅਨੰਤ ਦਿਨ ਲਈ।

33 ਯਕੀਨਨ, ਉਸ ਨੂੰ ਇਹ ਕਰਨਾ ਹੀ ਪੈਣਾ ਸੀ। ਉਹ ਪਰਦਾ ਜੋ ਪਰਮੇਸ਼ੁਰ ਅਤੇ ਮਨੁੱਖ ਵਿਚਕਾਰ ਲਟਕਿਆ ਹੋਇਆ ਸੀ, ਅਤੇ ਉਸ ਪਰਦੇ ਦੇ ਖੁੱਲ ਜਾਣ ਤੇ ਆਸਮਾਨੀ ਖੁਸ਼ੀਆਂ ਅਤੇ ਆਨੰਤਕਾਲ ਦੇ ਦਿਨ ਅੰਦਰ ਪਹੁੰਚਣ ਦਾ ਰਾਹ ਖੁੱਲ੍ਹ ਗਿਆ। ਕਲਵਰੀ ਦਾ ਕੁਝ ਅਰਥ ਹੈ, ਇਸ ਦਾ ਅਰਥ ਉਸ ਤੋਂ ਵੱਧ ਹੈ ਜੋ ਅਸੀਂ ਬਿਆਨ ਕਰ ਸਕਦੇ ਹਾਂ। ਯਕੀਨਨ।

ਜਿਉਂਦੇ ਹੋਏ, ਉਸਨੇ ਮੈਨੂੰ ਪ੍ਰੇਮ ਕੀਤਾ; ਮਰਦੇ ਹੋਏ, ਉਸਨੇ ਮੈਨੂੰ ਬਚਾ ਲਿਆ;
ਦਫ਼ਨ ਹੋ ਕੇ, ਉਸ ਨੇ ਮੇਰੇ ਪਾਪਾਂ ਨੂੰ ਦੂਰ ਹਟਾਇਆ ਹੈ।

34 ਉਸ ਨੂੰ ਦੰਡ ਮਿਲ ਚੁੱਕਿਆ ਹੈ। ਹੁਣ ਪਾਪ ਦੀ ਕੋਈ ਪਕੜ ਨਹੀਂ ਰਹੀ ਹੈ। ਜਦ ਉਸ ਸਲੀਬ ਤੋਂ ਪੁਕਾਰ ਕੇ ਆਖਿਆ ਕਿ “ਪੂਰਾ ਹੋਇਆ,” ਤਾਂ ਪਾਪ ਮਰ ਗਿਆ! ਹੁਣ ਇਹ ਮਰਿਆ ਹੋਇਆ ਹੈ। ਇਹ ਦਾ ਕੰਮ ਖਤਮ ਹੈ। ਇਹ ਸ਼ਕਤੀਹੀਨ ਹੋ ਚੁੱਕਾ ਹੈ। ਇਹ ਦਾ ਵਜੂਦ ਖਤਮ ਹੈ। ਲੋਕੋ, ਇਸ ਬਾਰੇ ਸੋਚੋ। ਉਹ ਪਾਪ, ਮਨੁੱਖ ਜਾਤੀ ਦਾ ਵੈਰੀ, ਮਰ ਚੁੱਕਾ ਹੈ ਅਤੇ ਉਸ ਦੇ ਅੰਦਰ ਜੀਵਨ ਨਹੀਂ ਹੈ, ਇਸ ਵਿੱਚ ਅਗਾਂਹ ਲਈ ਅਸਰ ਨਹੀਂ ਹੈ। ਇਹ ਹੋ ਹੀ ਨਹੀਂ ਸਕਦਾ। ਹੈਰਾਨੀ ਦੀ ਗੱਲ ਨਹੀਂ ਸੂਰਜ ਚਮਕਣਾ ਬੰਦ ਹੋ ਗਿਆ, ਸਿਤਾਰੇ ਚਮਕ ਨਾ ਸਕੇ, ਧਰਤੀ ਤੇ ਹਨੇਰਾ ਛਾ ਗਿਆ, ਉਸ ਵੇਲੇ ਉਹਨਾਂ ਸਭਨਾਂ ਦਾ ਛੁਟਕਾਰਾ ਕੀਤਾ ਗਿਆ ਸੀ।

35 ਹੁਣ ਪਾਪ ਮਰ ਚੁੱਕਾ ਹੈ, ਇਹ ਦਫ਼ਨ ਹੋ ਚੁੱਕਾ ਹੈ, ਇਸ ਅੰਦਰ ਜੀਵਨ ਨਹੀਂ ਹੈ। ਅਗਾਂਹ ਨੂੰ ਇਸ ਅੰਦਰ ਜਾਨ ਨਹੀਂ ਹੈ, ਇਹ ਦਫ਼ਨ ਹੋਣਾ ਹੀ ਚਾਹੀਦਾ ਹੈ। ਕੀ ਸੀ ਜੋ ਦਫ਼ਨ ਕੀਤਾ ਗਿਆ? ਪਰਮੇਸ਼ੁਰ ਦਾ ਬਦਨ ਦਫ਼ਨ ਕੀਤਾ ਗਿਆ ਸੀ, ਕਿਉਂ ਜੋ ਉਹ ਪਾਪ ਦੇ ਲਈ ਬਲੀ ਸੀ। ਇਹ ਸਾੜਿਆ ਗਿਆ ਲੇਲਾ ਸੀ, ਜੋ ਬਦੀਆਂ ਦੀ ਅੱਗ ਨਾਲ ਸਾੜਿਆ ਗਿਆ ਸੀ। ਉਹ ਪਾਪ ਰਹਿਤ ਮੇਮਨਾ ਜੋ ਪਾਪ ਤੋਂ ਜਾਣੂ ਨਾ ਸੀ, ਉਹ ਪਰਮੇਸ਼ੁਰ ਜੋ ਗਲਤ ਕਰਨਾ ਨਹੀਂ ਜਾਣਦਾ ਸੀ; ਉਸ ਦਾ ਜੀਵਨ ਦੇ ਦਿੱਤਾ ਗਿਆ ਸੀ, ਅਤੇ ਉੱਥੇ ਉਹ ਪਾਪ ਦੀ ਬਲੀ ਲਈ ਟੰਗਿਆ ਹੋਇਆ ਸੀ। “ਦਫ਼ਨ ਹੋ ਕੇ, ਉਸ ਨੇ ਮੇਰੇ ਪਾਪਾਂ ਨੂੰ ਦੂਰ ਹਟਾਇਆ ਹੈ।” ਉਹਨੂੰ ਦਫ਼ਨ ਹੋਣਾ ਹੀ ਚਾਹੀਦਾ ਹੈ। ਉਹ ਬਦਨ, ਜੋ ਪਾਪਾਂ ਦੀ ਬਲੀ ਲਈ ਹੈ ਦਫ਼ਨ ਹੋਣਾ ਹੀ ਚਾਹੀਦਾ ਹੈ।

36 ਇਹੀ ਕਾਰਨ ਹੈ ਕਿ ਕਈ, ਥੋੜ੍ਹੀ ਦੇਰ ਬਾਅਦ, ਲੋਕ ਇੱਕ-ਇੱਕ ਕਰਕੇ,

ਇਸ ਤਲਾਅ ਵੱਲ ਆਉਣਗੇ, ਕਿ ਯਿਸੂ ਮਸੀਹ ਦੇ ਨਾਮ ਵਿੱਚ ਬਪਤੀਸਮਾ ਲੈਣ। ਕਿਉਂ? ਕੁਝ ਹੋਇਆ ਹੈ। ਉਹ ਆਤਮਾ ਜੋ ਸ਼ਰੀਰ ਵਿੱਚੋਂ ਬਾਹਰ ਆਇਆ, ਜਦ ਉਸ ਨੇ ਪੁਕਾਰ ਕੇ ਆਖਿਆ, "ਪੂਰਾ ਹੋਇਆ," ਉਹਨੇ ਸਾਡੇ ਸਰੀਰਾਂ ਵਿੱਚੋਂ ਪਾਪ ਨੂੰ ਝਿੜਕਿਆ। ਅਤੇ ਅਸਾਂ ਇਸਨੂੰ ਜਰੂਰ ਦਫ਼ਨਾਉਣਾ ਹੈ, ਤਾਂ ਜੋ ਉਹ ਦੀ ਯਾਦਗਾਰ ਨਾ ਰਹੇ। ਮੈਂ ਬਹੁਤ ਖੁਸ਼ ਹਾਂ ਕਿ ਇਹ ਇਸੇ ਤਰ੍ਹਾਂ ਹੈ।

37 ਜਦ ਕੋਈ ਚੀਜ ਦਫ਼ਨਾਈ ਜਾਂਦੀ ਹੈ, ਉਹ ਲੁੱਕ ਜਾਂਦੀ ਹੈ, ਅੱਖਾਂ ਤੋਂ ਓਹਲੇ ਹੋ ਜਾਂਦੀ ਹੈ। "ਅਤੇ ਦਫ਼ਨ ਹੋ ਕੇ, ਉਸ ਨੇ ਮੇਰੇ ਪਾਪਾਂ ਨੂੰ ਦੂਰ ਹਟਾਇਆ।" ਪਰਮੇਸ਼ੁਰ ਹੁਣ ਸਾਡੇ ਪਾਪਾਂ ਨੂੰ ਨਹੀਂ ਵੇਖ ਸਦਕਾ, ਕਿਉਂਕਿ ਉਹ ਦਫ਼ਨ ਕੀਤੇ ਗਏ ਹਨ। ਉਹ ਕਿੱਥੇ ਦਫ਼ਨ ਹਨ? ਭੁੱਲ ਜਾਣ ਵਾਲੇ ਸਮੁੰਦਰ ਅੰਦਰ। ਭੁੱਲ ਜਾਣ ਵਾਲੇ ਇੱਕ ਸਮੁੰਦਰ ਬਾਰੇ ਸੋਚੋ! ਪਰਮੇਸ਼ੁਰ ਉਹਨਾਂ ਨੂੰ ਕਦੇ ਚੇਤੇ ਨਹੀਂ ਕਰ ਸਕਦਾ, ਕਿਉਂ ਜੋ ਉਹ ਮਰ ਕੇ ਦਫ਼ਨ ਹੋ ਚੁੱਕੇ ਹਨ। ਇੱਥੋਂ ਤਕ ਕਿ ਉਹ ਅਗਾਂਹ ਨੂੰ ਚੇਤੇ ਵੀ ਨਹੀਂ ਆ ਸਕਦੇ। ਉਹ ਤਾਂ ਪਰਮੇਸ਼ੁਰ ਦੀ ਯਾਦਗਾਰੀ ਵਿੱਚੋਂ ਬਾਹਰ ਜਾ ਚੁੱਕੇ ਹਨ।

38 ਉਹ ਵੀ ਸੀ…ਇਸ "ਦਫ਼ਨਾਏ ਜਾਣ" ਨੂੰ ਉਸ ਨੇ ਪੁਰਾਣੇ ਨੇਮ ਵਿੱਚ ਪੇਸ਼ ਕਰ ਦਿੱਤਾ ਸੀ। ਉਹਨਾਂ ਕੋਲ ਦੋ ਹੁੰਦੇ ਸਨ…ਪਵਿੱਤਰ ਵੇਦੀ ਤੇ ਉਹ ਇੱਕ ਪਾਪ ਦੀ ਬਲੀ ਲਈ ਚੜਾਇਆ ਕਰਦੇ ਸਨ। ਅਤੇ ਉਹ ਪਾਪ ਦੀ ਬਲੀ ਲਈ ਦੋ ਬੱਕਰੇ ਲੈਂਦੇ ਸਨ, ਇੱਕ ਬਕਰਾ ਤਾਂ ਹਲਾਲ ਕੀਤਾ ਜਾਂਦਾ ਸੀ; ਅਤੇ ਦੂਸਰਾ ਬਕਰਾ, ਉਸ ਦੇ ਉੱਤੇ ਮਰੇ ਹੋਏ ਬੱਕਰੀ ਦੇ ਪਾਪ ਹੁੰਦੇ ਸਨ।

39 ਯਾਦ ਰਹੇ, ਯਿਸੂ ਇੱਕ ਭੇਡ ਸੀ। ਉਹ ਇੱਕ ਮੇਮਨਾ ਸੀ, ਪਰ ਇਸ ਮਾਮਲੇ ਵਿੱਚ ਉਹ ਬੱਕਰਾ ਬਣ ਗਿਆ ਸੀ। ਉਹ ਧਾਰਮਿਕਤਾ ਸੀ ਕਿਉਂ ਜੋ ਉਹ ਪਰਮੇਸ਼ੁਰ ਸੀ, ਉਹ ਭੇਡ ਸੀ। ਜਿਸ ਉਹ ਇੱਕ ਬਕਰਾ, ਪਾਪ ਬਣ ਗਿਆ, ਤਾਂ ਜੋ ਉਹ ਮੇਰੇ ਅਤੇ ਤੁਹਾਡੇ ਲਈ ਪਾਪ ਦੀ ਬਲੀ ਬਣ ਸਕੇ; ਉਹ ਇੱਕ ਭੇਡ ਤੋਂ ਬਕਰਾ ਬਣ ਗਿਆ।

40 ਯਿਸੂ ਦੋਨਾਂ ਜਾਨਵਰਾਂ ਦਾ ਪ੍ਰਤੀਕ ਸੀ, ਦੋਵੇਂ ਬੱਕਰੇ: ਇੱਕ ਲਈ, ਉਹ—ਉਹ ਇੱਕ ਥਾਂ ਤੇ ਪ੍ਰਾਸਚਿਤ ਲਈ ਮਰਿਆ; ਦੂਸਰੇ ਥਾਂ ਤੇ, ਪ੍ਰਾਸਚਿਤ ਦੇ ਸਾਰੇ ਪਾਪ ਬਲੀ ਦੇ ਬੱਕਰੇ ਉੱਤੇ ਲੱਦ ਦਿੱਤੇ ਗਏ, ਅਤੇ ਬਲੀ ਦੇ ਬੱਕਰੇ ਨੇ ਲੋਕਾਂ ਦੇ ਪਾਪਾਂ ਨੂੰ ਚੁੱਕ ਲਿਆ ਅਤੇ ਜੰਗਲ ਵਿੱਚ ਦੂਰ ਚਲਿਆ ਗਿਆ, ਲੋਕਾਂ ਦੇ ਪਾਪਾਂ ਨੂੰ ਸਹਿਣ ਲਈ। ਇਹ ਕੀ ਸੀ? ਇਹ ਸਾਡੇ ਪ੍ਰਭੂ ਯਿਸੂ ਮਸੀਹ ਦੀ ਮੌਤ ਅਤੇ ਦਫ਼ਨ ਹੋਣਾ ਸੀ। "ਮਰ ਕੇ…ਜਿਉਂਦੇ ਜੀ, ਉਸਨੇ ਮੈਨੂੰ ਪਿਆਰ ਕੀਤਾ। ਮਰ ਕੇ, ਉਸਨੇ ਮੈਨੂੰ ਬਚਾ ਲਿਆ। ਦਫ਼ਨ ਹੋ ਕੇ, ਉਸਨੇ ਮੇਰੇ ਪਾਪਾਂ ਨੂੰ ਦੂਰ

ਹਟਾਇਆ ਹੈ।” ਉਸ ਨੇ ਲੋਕਾਂ ਦੇ ਪਾਪਾਂ ਨੂੰ ਆਪਣੇ ਜੁੰਮੇ ਲੈ ਲਿਆ, ਅਤੇ ਉਨ੍ਹਾਂ ਨੂੰ ਲੈ ਕੇ ਸਿੱਧਾ ਅਧੋਲੋਕ ਵਿੱਚ ਉੱਤਰ ਗਿਆ। ਉਹ ਪਾਪਾਂ ਦੀ ਬਲੀ ਸੀ। ਉਸਨੇ ਲੋਕਾਂ ਦੇ ਪਾਪਾਂ ਨੂੰ ਚੁੱਕ ਲਿਆ ਸੀ। ਉਹ ਲੋਕਾਂ ਲਈ ਮਰ ਗਿਆ। ਅਤੇ ਉਸ ਉੱਤੇ ਪਾਪ ਵੀ ਲੱਦ ਦਿੱਤੇ ਗਏ ਸਨ, ਅਤੇ ਉਹ ਸਾਡੇ ਪਾਪਾਂ ਨੂੰ ਇਨ੍ਹੀਂ ਦੂਰ ਲੈ ਗਿਆ, ਕਿ ਪਰਮੇਸ਼ੁਰ ਉਹਨਾਂ ਨੂੰ ਮੁੜ ਕੇ ਫਿਰ ਕਦੇ ਨਾ ਵੇਖ ਸਕੇ। ਇਹਦੇ ਬਾਰੇ ਸੋਚੋ! ਔਹ, ਕਲੀਸੀਆ ਪੁਕਾਰ ਸਕਦੀ ਹੈ, “ਅਜਿਹੇ ਮੁਕਤੀਦਾਤੇ ਲਈ ਹਲਲੂਯਾਹ!”

41 ਸਿਰਫ਼ ਸਾਡੇ ਪਾਪ ਹੀ ਮਾਫ ਨਹੀਂ ਕੀਤੇ ਗਏ, ਪਰ ਪਾਪਾਂ ਨੂੰ ਭੁੱਲ ਜਾਣ ਵਾਲੇ ਸਮੁੰਦਰ ਵਿੱਚ ਦਫ਼ਨ ਕਰ ਦਿੱਤਾ ਗਿਆ, ਤਾਂ ਜੋ ਫਿਰ ਕਦੇ ਯਾਦ ਨਾ ਕੀਤੇ ਜਾਣ। “ਦਫ਼ਨ ਹੋ ਕੇ, ਉਸਨੇ ਸਾਡੇ ਪਾਪਾਂ ਨੂੰ ਦੂਰ ਹਟਾਇਆ ਹੈ।” ਹੁਣ ਉਹਨਾਂ ਨੂੰ ਨਹੀਂ ਯਾਦ ਕੀਤਾ ਜਾ ਸਕਦਾ, ਕਿਉਂ ਜੋ ਉਹ ਹੁਣ ਖਤਮ ਹੋ ਗਏ ਹਨ। ਉਹ ਹੁਣ ਪਰਮੇਸ਼ੁਰ ਦੀਆਂ ਅੱਖਾਂ ਤੋਂ ਪਰੋਖੇ ਹਨ। ਉਹ ਕੰਮ ਨਹੀਂ ਕਰ ਸਕਦੇ। ਉਹਨਾਂ ਨੂੰ ਤਲਾਕ ਦੇ ਦਿੱਤਾ ਗਿਆ ਹੈ। ਉਹ ਝਾੜ ਦਿੱਤੇ ਗਏ ਹਨ। ਪਰਮੇਸ਼ੁਰ ਉਹਨਾਂ ਨੂੰ ਅਗਾਂਹ ਚੇਤੇ ਨਹੀਂ ਰੱਖਦਾ ਹੈ। ਕੀ? ਇਸ ਸਵੇਰ ਕਲੀਸੀਆ ਨੂੰ ਇਹ ਜਾਣ ਕੇ ਖੁਸ਼ ਹੋਣਾ ਚਾਹੀਦਾ ਹੈ, ਕਿ ਸਾਡੇ ਪਾਪਾਂ ਨੂੰ ਅਗਾਂਹ ਲਈ ਚੇਤੇ ਨਹੀਂ ਕੀਤਾ ਜਾਵੇਗਾ। ਉਹ ਤਾਂ ਭੁੱਲ ਜਾਣ ਵਾਲੇ ਸਮੁੰਦਰ ਵਿੱਚ ਸੁੱਟ ਦਿੱਤੇ ਗਏ ਹਨ, ਅਜਿਹੀ ਕਬਰ ਅੰਦਰ ਜਿੱਥੇ ਉਹ ਜਿਉਂਦੇ ਹੋ ਹੀ ਨਹੀਂ ਸਕਦੇ। ਉਹ ਸਦਾ ਲਈ ਖਤਮ ਹਨ, ਅਤੇ ਉਹਨਾਂ ਦਾ ਚੇਤਾ ਜਾਂਦਾ ਰਿਹਾ ਹੈ। ਉਹ ਇਸ ਤਰ੍ਹਾਂ ਹਨ ਜਿਵੇਂ ਉਹ ਕਦੇ ਹੋਏ ਹੀ ਨਹੀਂ। “ਮਰ ਕੇ, ਉਸਨੇ ਮੈਨੂੰ ਬਚਾਇਆ ਹੈ।” ਪਰ, “ਦਫ਼ਨ ਹੋ ਕੇ ਉਸ ਨੇ ਮੇਰੇ ਪਾਪਾਂ ਨੂੰ ਦੂਰ ਹਟਾਇਆ ਹੈ।” ਉਹ ਉਹਨਾਂ ਨੂੰ ਇੰਨੀ ਦੂਰ ਲੈ ਗਿਆ ਜਦੋਂ ਤਕ ਉਹ ਭੁੱਲ ਜਾਣ ਵਾਲੇ ਸਮੁੰਦਰ ਵਿੱਚ ਨਾ ਚਲੇ ਗਏ। ਔਹ! ਅਸੀਂ ਜਾਣਦੇ ਹਾਂ ਕਿ ਇਹ ਸਾਰੀਆਂ ਗੱਲਾਂ ਸੱਚ ਹਨ ਅਤੇ ਅਸੀਂ ਪੱਕਾ ਯਕੀਨ ਕਰਦੇ ਹਾਂ, ਅਤੇ ਉਹ ਹਕੀਕਤ ਵਿੱਚ ਸੱਚ ਹਨ। ਉਹ ਪਰਮੇਸ਼ੁਰ ਦੀਆਂ ਸੱਚਾਈਆਂ ਹਨ। ਅਤੇ ਉਹ ਸਭ ਮਹਾਨ ਚੀਜਾਂ ਸਾਡੀ ਮਨੁੱਖੀ ਵਿਆਖਿਆ ਤੋਂ ਪਰੇ ਹਨ। ਅਸੀਂ ਕਦੇ ਵੀ ਐਸੀਆਂ ਚੀਜ਼ਾਂ ਲਈ ਆਪਣਾ ਧੰਨਵਾਦ ਪ੍ਰਗਟ ਨਹੀਂ ਕਰ ਸਕਦੇ।

42 ਪਰ, ਔਹ, ਉਸ ਈਸਟਰ ਤੇ! “ਜੀ ਉਠ ਕੇ, ਉਸ ਮੈਨੂੰ ਸਦਾ ਲਈ ਧਰਮੀ ਠਹਿਰਾਇਆ ਹੈ।”

> ਜਿਉਂਦੇ ਹੋਏ, ਉਸਨੇ ਮੈਨੂੰ ਪ੍ਰੇਮ ਕੀਤਾ; ਮਰਦੇ ਹੋਏ, ਉਸਨੇ
> ਮੈਨੂੰ ਬਚਾ ਲਿਆ;
> ਦਫ਼ਨ ਹੋ ਕੇ, ਉਸ ਮੇਰੇ ਪਾਪਾਂ ਨੂੰ ਦੂਰ ਹਟਾਇਆ ਹੈ;

(ਉਹ ਸਭ ਠੀਕ ਸੀ।)
ਪਰ, ਜੀ ਉਠ ਕੇ, ਉਸ ਨੇ ਧਰਮੀ ਠਹਿਰਾਇਆ।

43 ਇਹ ਜੀ ਉਠਣਾ ਕੀ ਸੀ? ਇਹ ਪਰਮੇਸ਼ੁਰ ਦੀ ਰਸੀਦ ਸੀ, ਕਿ ਮੁੱਲ ਦਾ ਭੁਗਤਾਨ ਕਰ ਦਿੱਤਾ ਗਿਆ ਹੈ। "ਜੀ ਉਠ ਕੇ, ਉਸਨੇ ਹਮੇਸ਼ਾ ਲਈ ਧਰਮੀ ਠਹਿਰਾਇਆ ਹੈ।" ਔਹ, ਜੀ ਉੱਠਣ ਵਾਲਾ, ਸਾਡਾ ਕਿਸ ਤਰ੍ਹਾਂ ਦਾ ਮੁਕਤੀਦਾਤਾ ਹੈ! ਪਰਮੇਸ਼ੁਰ ਨੇ ਕੀ ਕਰ ਦਿੱਤਾ ਸੀ? ਇੱਕ ਮਨੁੱਖ ਦੁਖ ਝੱਲ ਸਕਦਾ ਹੈ, ਇੱਕ ਮਨੁੱਖ ਮਰ ਸਕਦਾ ਹੈ, ਇੱਕ ਮਨੁੱਖ ਦਫ਼ਨ ਹੋ ਸਕਦਾ ਹੈ। ਪਰ ਈਸਟਰ ਉਹਨਾਂ ਨਾਲੋਂ ਸਭ ਤੋਂ ਮਹਾਨ ਸੀ, ਕਿਉਂ ਜੋ ਇਹ ਪਰਮੇਸ਼ੁਰ ਵੱਲੋਂ ਪ੍ਰਮਾਣ ਸੀ, "ਮੇਰੀ ਬਿਵਸਥਾ ਪੂਰੀ ਹੋ ਗਈ ਹੈ, ਮੇਰੀਆਂ ਮੰਗਾਂ ਪੂਰੀਆਂ ਹੋ ਗਈਆਂ ਹਨ, ਜੋ ਉਹ ਸੀ!" ਉਸਨੇ ਉਹ ਨੂੰ ਮੁਰਦਿਆਂ ਵਿੱਚੋਂ ਜਿੰਦਾ ਕੀਤਾ! "ਜੀ ਉਠ ਕੇ, ਉਸਨੇ ਸਦਾ ਲਈ ਧਰਮੀ ਠਹਿਰਾਇਆ ਹੈ।" ਉਸਦਾ ਪਵਿੱਤਰ ਨਾਮ ਮੁਬਾਰਕ ਹੋਵੇ!

44 ਹੈਰਾਨੀ ਦੀ ਗੱਲ ਨਹੀਂ ਇਹ ਭਾਵਨਾਵਾਂ ਨੂੰ ਪੈਦਾ ਕਰਦਾ ਹੈ! ਹੈਰਾਨੀ ਦੀ ਗੱਲ ਨਹੀਂ ਹੈ ਮਨੁੱਖ ਦਾ ਦਿਲ ਇਹਨੂੰ ਸੰਭਾਲ ਨਹੀਂ ਸਕਦਾ! ਔਹ, ਅਸੀਂ ਆਪਣੀ ਫਤਿਹਮੰਦ ਨਿਹਚਾ ਨਾਲ ਖੜੇ ਰਹਿ ਸਕਦੇ ਹਾਂ ਅਤੇ ਆਖਦੇ ਹਾਂ, "ਅਸੀਂ ਸਦਾ ਲਈ ਧਰਮੀ ਠਹਿਰਾ ਕੇ, ਆਜਾਦ ਕੀਤੇ ਗਏ ਹਾਂ," ਕਿਉਂਕਿ ਉਹ ਮਰਿਆ ਅਤੇ ਦਫ਼ਨ ਹੋਇਆ, ਅਤੇ ਪਰਮੇਸ਼ੁਰ ਨੇ ਫਿਰ ਉਸਨੂੰ ਈਸਟਰ ਦੀ ਸੁਭਾ ਜਿਉਂਦਾ ਕਰ ਦਿੱਤਾ। ਤਦ, ਪਰਮੇਸ਼ੁਰ ਨੇ ਵਿਖਾਇਆ ਕਿ ਉਸ ਨੇ ਜੋ ਕੁਝ ਵੀ ਕੀਤਾ ਸੀ, ਉਹ ਸਵੀਕਾਰ ਕਰ ਲਿਆ ਗਿਆ ਹੈ। ਸਭ ਕੁਝ ਦਾ ਭੁਗਤਾਨ ਕਰ ਦਿੱਤਾ ਗਿਆ ਹੈ, ਤੁਸੀਂ ਹੁਣ ਆਜਾਦ ਹੋ ਸਕਦੇ ਹੋ! "ਜੀ ਉਠ ਕੇ, ਉਸਨੇ ਸਦਾ ਲਈ ਧਰਮੀ ਠਹਿਰਾਇਆ।" ਔਹ, ਕੋਈ ਕਦੇ ਵੀ ਨਹੀਂ ਜਾਣ ਸਕਦਾ, ਨਾ ਹੀ ਉਸ ਮਹਾਨ ਦਿਨ ਬਾਰੇ ਸੋਚ ਸਕਦਾ ਜਦ ਉਹ ਜੀ ਉੱਠਿਆ ਸੀ! ਅਤੇ ਦੂਤਾਂ ਨੇ ਇਹ ਵੇਖਿਆ। ਸਵਰਗਾਂ ਦੇ ਸਵਰਗ ਵਿੱਚ, ਫਰਿਸ਼ਤੇ ਪਰਮੇਸ਼ੁਰ ਦੀ ਵਡਿਆਈ ਗਾ ਰਹੇ ਸਨ ਅਤੇ ਖੁਸ਼ ਹੋ ਰਹੇ ਸਨ; ਅਤੇ ਪੁਰਾਣੇ ਨੇਮ ਦੇ ਸੰਤਾਂ ਨੇ, ਸਵਰਗ ਅੰਦਰ, "ਹਲਲੂਯਾਹ!" ਦੇ ਨਾਅਰੇ ਲਾਏ। "ਜੀ ਉਠ ਕੇ, ਉਸਨੇ ਧਰਮੀ ਠਹਿਰਾਇਆ ਹੈ।" ਅਕਾਸ਼ ਕੰਬ ਗਏ, ਧਰਤੀ ਕੰਬ ਉੱਠੀ, ਸਵਰਗ ਹਿਲ ਗਏ, ਅਤੇ ਅਕਾਸ਼ ਹਿਲ ਗਏ, ਜਦ ਮਹਾਨ ਆਵਾਜ ਆਈ। ਕਬਰ ਵਿੱਚੋਂ ਨਿਕਲ ਕੇ ਉਹ ਜਿੰਦਾਂ ਹੋ ਗਿਆ! "ਜੀ ਉਠ ਕੇ ਉਸ ਨੇ ਸਦਾ ਲਈ ਧਰਮੀ ਠਹਿਰਾ ਦਿੱਤਾ।" ਔਹ, ਮੇਰੇ!

45 ਤਦ ਉਹ ਲੋਕ ਜੋ ਉਸ ਵਿੱਚ ਹੋ ਕੇ ਮਰੇ ਹਨ ਇਹ ਗਾ ਸਕਦੇ ਹਨ, ਜਦੋਂ ਅਸੀਂ ਉਸ ਅਦਭੁਤ ਕਿਰਪਾ ਨੂੰ ਵੇਖਦੇ ਹਾਂ, ਉੱਥੇ, ਜੋ ਉਸਨੇ ਕੀਤਾ। ਸਮਝੇ?

ਪਰਮੇਸ਼ੁਰ ਦਾ ਮੁਹਰਬੰਦ ਪ੍ਰਮਾਣ! "ਥੋੜ੍ਹੀ ਦੇਰ ਬਾਅਦ ਸੰਸਾਰ ਮੈਨੂੰ ਨਹੀਂ ਵੇਖੇਗਾ ਪਰ ਤੁਸੀਂ ਮੈਨੂੰ ਵੇਖੋਗੇ, ਪਰ ਫਿਰ ਵੀ ਤੁਸੀਂ ਮੈਨੂੰ ਵੇਖੋਗੇ, ਕਿਉਂਕਿ ਮੈਂ ਮੁਰਦਿਆਂ ਵਿੱਚੋਂ ਜੀ ਉਠਾਂਗਾ ਅਤੇ ਤੁਹਾਡੇ ਸੰਗ ਹੋਵਾਂਗਾ, ਇੱਥੋਂ ਤਕ ਸੰਸਾਰ ਦੇ ਅੰਤ ਤਕ, ਤੁਹਾਡੇ ਅੰਦਰ ਹੋਵਾਂਗਾ; ਇੱਕ ਪ੍ਰਮਾਣ ਵਾਂਗ, ਅਤੇ ਇੱਕ ਤਸਦੀਕ ਕਿ ਜੋ ਪਰਮੇਸ਼ੁਰ ਨੇ ਆਖਿਆ ਉਹ ਸੱਚ ਹੈ, ਅਤੇ ਮੈਂ ਜੋ ਆਖਦਾ ਹਾਂ ਸੱਚ ਹੈ," ਯਿਸੂ ਨੇ ਆਖਿਆ। "ਮੈਂ ਪਵਿੱਤਰ ਆਤਮਾ ਦੇ ਰੂਪ ਵਿੱਚ ਆਵਾਂਗਾ। ਅਤੇ ਮੈਂ ਤੁਹਾਡੇ ਅੰਦਰ ਰਹਾਂਗਾ, ਅਤੇ ਸਦਾ ਲਈ ਤੁਹਾਡੇ ਸੰਗ ਰਹਾਂਗਾ।" ਤਾਂ ਹੀ ਉਹ ਸੰਤ ਜਿਨ੍ਹਾਂ ਦੇ ਦਿਲ ਅੰਦਰ ਜੀ ਉੱਠਣ ਦੀ ਉਮੀਦ ਹੈ, ਇਸ ਗੀਤ ਨੂੰ ਗਾ ਸਕਦੇ ਹਨ:

> ਉਸ ਪ੍ਰਕਾਸ਼ਮਾਨ ਅਤੇ ਸੁਹਾਵਣੀ ਸਵੇਰ ਜਦ ਮਸੀਹ ਵਿੱਚ ਮਰੇ ਜੀ ਉਠਣਗੇ,
> ਅਤੇ ਮਸੀਹ ਦੇ ਜੀ ਉੱਠਣ ਦੀ ਮਹਿਮਾ ਦੇ ਸਾਂਝੀ ਹੋਣਗੇ;
> ਜਦ ਉਸਦੇ ਚੁਣੇ ਉਸ ਘਰ ਵਿੱਚ ਜਮਾਂ ਕੀਤੇ ਜਾਣਗੇ ਜੋ ਅਕਾਸ਼ ਦੇ ਪਾਰ ਹੈ, (ਇੱਕ ਸੰਪੂਰਣ ਵਾਅਦੇ ਦੇ ਨਾਲ, ਪਰਮੇਸ਼ੁਰ ਦੀ ਮੋਹਰ, ਪਰਮੇਸ਼ੁਰ ਦੀ ਖੁਦ ਲਿਖੀ ਹੋਈ ਰਸੀਦ ਨਾਲ,)
> ਜਦੋਂ ਉੱਥੇ ਹਾਜ਼ਰੀ ਲੱਗੇਗੀ, ਤਾਂ ਮੈਂ ਉੱਥੇ ਹੋਵਾਂਗਾ। (ਔਹ, ਜਲਦੀ ਆ!)

ਔਹ, ਹੈਰਾਨੀ ਦੀ ਗੱਲ ਨਹੀਂ ਉਹਨਾਂ ਆਖਿਆ:

> ਜਿਉਂਦੇ ਹੋਏ, ਉਸਨੇ ਮੈਨੂੰ ਪ੍ਰੇਮ ਕੀਤਾ; ਮਰਦੇ ਹੋਏ, ਉਸਨੇ ਮੈਨੂੰ ਬਚਾ ਲਿਆ;
> ਦਫ਼ਨ ਹੋ ਕੇ, ਉਸਨੇ ਮੇਰੇ ਪਾਪਾਂ ਨੂੰ ਦੂਰ ਹਟਾਇਆ ਹੈ; (ਔਹ!)
> ਜੀ ਉਠ ਕੇ, ਉਸਨੇ ਮੈਨੂੰ ਹਮੇਸ਼ਾ ਲਈ ਆਜਾਦ ਕੀਤਾ।

46 ਪਾਪ ਮਾਫ ਕੀਤੇ ਗਏ ਹਨ। ਇਹ ਸਭ ਕੁਰਬਾਨੀਆਂ ਕਾਲਪਨਿਕ, ਇਹ ਸੱਭੇ ਕੁਰਬਾਨੀਆਂ ਅਸਫਲ ਹੋ ਸਕਦੀਆਂ ਸਨ। ਪਰ ਈਸਟਰ ਦੀ ਸਵੇਰ, ਜਦ ਉਹ ਜੀ ਉੱਠਿਆ, ਪਰਮੇਸ਼ੁਰ ਨੇ ਇਹ ਸਾਬਤ ਕੀਤਾ ਕਿ ਉਸ ਨੇ ਇਸ ਨੂੰ ਕਬੂਲ ਕਰ ਲਿਆ ਹੈ। ਹੈਰਾਨੀ ਨਹੀਂ, ਇਸ ਮਨੁੱਖ ਦੇ ਦਿਲ ਅੰਦਰ ਹਲਲੂਯਾਹ ਲਿਆਉਂਦਾ ਹੈ! ਹੈਰਾਨੀ ਨਹੀਂ, ਕਿ ਇਸ ਨਾਲ ਮਨੁੱਖ ਮੌਤ ਦਾ ਵੀ ਮੁਕਾਬਲਾ ਕਰ ਸਕਦਾ ਹੈ! ਲੋਕ ਨਾ ਹੋਣ ਵਾਲੀਆਂ ਗੱਲਾਂ ਬਾਰੇ ਗੱਲ ਕਰਦੇ ਹਨ, ਜਿਵੇਂ ਕਿ ਉਹ ਹਨ! ਪਰ ਕਿਉਂ? "ਜੀ ਉਠ ਕੇ, ਉਸਨੇ ਧਰਮੀ ਠਹਿਰਾਇਆ ਹੈ।"

ਤੁਸੀਂ ਕਿਸ ਤਰ੍ਹਾਂ ਜਾਣਦੇ ਹੋ ਕਿ ਉਹ ਜੀ ਉੱਠਿਆ ਹੈ? ਕਿਉਂਕਿ, ਉਹ ਸਾਡੇ ਦਿਲ ਅੰਦਰ ਜੀ ਉੱਠਿਆ ਹੈ, ਉਸਨੇ ਹਮੇਸ਼ਾ ਲਈ ਧਰਮੀ ਠਹਿਰਾ ਦਿੱਤਾ ਹੈ!

47 ਚਾਲੀਆਂ ਦਿਨਾਂ ਬਾਅਦ, ਜਦ ਉਹ ਖੜ੍ਹਾ ਸੀ, ਆਪਣੇ ਬੱਚਿਆਂ ਨਾਲ ਗੱਲਾਂ ਕਰ ਰਿਹਾ ਸੀ, ਧਰਤੀ ਦੀ ਖਿੱਚ ਦੀ ਪਕੜ ਖਤਮ ਹੋਣੀ ਸ਼ੁਰੂ ਹੋ ਗਈ। ਕੰਮ ਪੂਰਾ ਹੋ ਗਿਆ ਸੀ। ਦੰਡ ਭਰਿਆ ਗਿਆ ਸੀ। ਉਸ ਦੇ ਹੱਥ ਵਿੱਚ ਰਸੀਦ ਸੀ। ਉਹ ਪਰਮੇਸ਼ੁਰ ਦੀ ਰਸੀਦ ਸੀ। ਉਹ ਦੇ ਬੱਚੇ ਸਨ, ਜੋ ਕਲੀਸਿਯਾ, ਵਿਸ਼ਵਾਸੀ ਹਨ। ਪਾਪ ਪੂਰੀ ਤਰ੍ਹਾਂ ਜਿੱਤਿਆ ਜਾ ਚੁੱਕਿਆ ਸੀ। ਰਸਤਾ ਸਾਫ ਕਰ ਦਿੱਤਾ ਗਿਆ ਸੀ। ਉਹ ਹੁਣ ਹੋਰ ਸਮਾਂ ਧਰਤੀ ਤੇ ਨਹੀਂ ਰਹਿ ਸਕਦਾ ਸੀ। ਸਾਨੂੰ ਇੱਥੇ ਕਿਹੜੀ ਚੀਜ ਰੋਕ ਰੱਖਦੀ ਹੈ? ਧਰਤੀ ਦੀ ਖਿੱਚ। ਧਰਤੀ ਦੀ ਖਿੱਚ ਟੁੱਟਣੀ ਸ਼ੁਰੂ ਹੋ ਜਾਂਦੈ ਹੈ, ਆਪਣੀ ਪਕੜ ਛੱਡਣੀ ਸ਼ੁਰੂ ਕਰ ਦਿੰਦੀ ਹੈ। ਕਿਉਂ? ਤਦ ਸਭੋ ਕੁਝ ਪੂਰਾ ਹੋ ਗਿਆ ਸੀ। ਕੀ ਹੋਇਆ ਸੀ? ਉਸ ਨੇ ਧਰਤੀ ਤੋਂ ਉੱਪਰ ਨੂੰ ਚੜ੍ਹਨਾ ਸ਼ੁਰੂ ਕੀਤਾ।

48 "ਸਾਰੇ ਸੰਸਾਰ ਵਿੱਚ ਜਾਓ, ਅਤੇ ਹਰੇਕ ਪ੍ਰਾਣੀ ਨੂੰ ਸੁਸਮਾਚਾਰ ਸੁਣਾਓ," ਉਹ ਦੇ ਬੁੱਲ੍ਹਾਂ ਵਿੱਚੋਂ ਅਵਾਜ ਆਈ। "ਸਾਰੇ ਸੰਸਾਰ ਵਿੱਚ ਜਾਓ, ਅਤੇ ਹਰੇਕ ਪ੍ਰਾਣੀ ਨੂੰ ਸੁਸਮਾਚਾਰ ਸੁਣਾਓ। ਅਤੇ ਜੋ ਨਿਹਚਾ ਲਿਆਵੇ ਅਤੇ ਬਪਤਿਸਮਾ ਲਵੇ ਉਹ ਬਚਾਇਆ ਜਾਵੇਗਾ, ਪਰ ਜੋ ਨਿਹਚਾ ਨਾ ਕਰੇ ਉਹ ਦੋਸ਼ੀ ਠਹਿਰਾਇਆ ਜਾਵੇਗਾ। ਅਤੇ ਨਿਹਚਾ ਕਰਨ ਵਾਲਿਆਂ ਦੇ ਨਾਲ ਇਹ ਨਿਸ਼ਾਨ ਹੋਣਗੇ। ਉਹ ਮੇਰਾ ਨਾਮ ਲੈ ਕੇ ਭੂਤਾਂ ਨੂੰ ਕੱਢਣਗੇ। ਨਵੀਆਂ-ਨਵੀਆਂ ਬੋਲੀਆਂ ਬੋਲਣਗੇ। ਜੇ ਉਹ ਸੱਪਾਂ ਨੂੰ ਚੁੱਕ ਲੈਣ ਜਾਂ ਉਹ ਜਹਿਰੀਲੀ ਚੀਜ ਪੀ ਲੈਣ, ਇਸ ਨਾਲ ਉਹਨਾਂ ਦਾ ਕੁਝ ਨੁਕਸਾਨ ਨਹੀਂ ਹੋਵੇਗਾ। ਉਹ ਰੋਗੀਆਂ ਤੇ ਹੱਥ ਰੱਖਣਗੇ, ਤਾਂ ਉਹ ਚੰਗੇ ਹੋ ਜਾਣਗੇ। ਕਿਉਂ ਜੋ ਮੈਂ ਜਿਉਂਦਾ ਹਾਂ...ਧਰਤੀ ਦੀ ਖਿੱਚ ਮੈਨੂੰ ਛੱਡ ਗਈ ਹੈ। ਪਾਪ ਦੀ ਕੋਈ ਪਕੜ ਨਹੀਂ ਸੀ। ਮੈਂ ਤੁਹਾਡੇ ਲਈ ਮਰਿਆ। ਪਰਮੇਸ਼ੁਰ ਨੇ ਇਹ ਦਾ ਸਬੂਤ ਦਿੱਤਾ ਹੈ, ਅਤੇ ਜੀ ਉੱਠਣ ਦੀ ਰਸੀਦ ਦਿੱਤੀ ਹੈ। ਕਿਉਂਕਿ ਮੈਂ ਜਿਉਂਦਾ ਹਾਂ, ਇਸ ਲਈ ਤੁਸੀਂ ਵੀ ਜਿਉਗੇ! ਮੈਂ ਕਿਸੇ ਦਿਨ ਵਾਪਸ ਆਵਾਂਗਾ।"

49 "ਉਹ ਕਿਸੇ ਦਿਨ ਆ ਰਿਹਾ ਹੈ, ਔਹ, ਸ਼ਾਨਦਾਰ ਦਿਨ!" ਤਦ, ਕੀ? ਜਿਉਣਾ, ਮਰਨਾ, ਦਫ਼ਨ ਹੋਣਾ, ਫਿਰ ਆਉਣਾ, ਅੱਜ ਕਲੀਸੀਆ ਦੀ ਇਹੋ ਆਸ ਹੈ!

ਜਿਉਂਦੇ ਜੀ, ਉਸਨੇ ਮੈਨੂੰ ਪ੍ਰੇਮ ਕੀਤਾ; ਮਰ ਕੇ, ਉਸਨੇ
ਮੈਨੂੰ ਬਚਾ ਲਿਆ;

ਦਫਨਹੋ ਕੇ, ਉਹ ਮੇਰੇ ਪਾਪ ਦੂਰ ਲੈ ਗਿਆ;
ਜੀ ਉਠ ਕੇ, ਉਸ ਨੇ ਮੈਨੂੰ ਸਦਾ ਲਈ ਧਰਮੀ ਠਹਿਰਾਇਆ ਆਜਾਦ ਕੀਤਾ:
ਕਿਸੇ ਦਿਨ ਉਹ ਆ ਰਿਹਾ ਹੈ—ਔਹ, ਸ਼ਾਨਦਰ ਦਿਨ!

ਇਹ ਕੀ ਸੀ? ਪੰਜ ਅੱਖਰਾਂ ਵਿੱਚ ਪੰਜ ਚੀਜਾਂ, J-e-s-u-s.

ਜਿਉਂਦੇ ਜੀ, ਉਸਨੇ ਮੈਨੂੰ ਪ੍ਰੇਮ ਕੀਤਾ; ਮਰ ਕੇ, ਉਸਨੇ ਮੈਨੂੰ ਬਚਾ ਲਿਆ;
ਦਫ਼ਨ ਹੋ ਕੇ, ਉਸ ਨੇ ਮੇਰੇ ਪਾਪਾਂ ਨੂੰ ਦੂਰ ਹਟਾਇਆ ਹੈ।
ਜੀ ਉਠ ਕੇ, ਉਸ ਨੇ ਮੈਨੂੰ ਸਦਾ ਲਈ ਆਜਾਦੀ ਨਾਲ ਧਰਮੀ ਠਹਿਰਾਇਆ;
ਕਿਸੇ ਦਿਨ ਉਹ ਆ ਰਿਹਾ ਹੈ—ਔਹ, ਸ਼ਾਨਦਰ ਦਿਨ!

50 ਅਸੀਂ ਉਸਦੀ ਦੂਸਰੀ ਆਮਦ ਦੀ ਰਾਹ ਤਕ ਰਹੇ ਹਾਂ!

ਅਤੇ ਇਹਨਾਂ ਦਿਨਾਂ ਅੰਦਰ ਕਿਸੇ ਇੱਕ ਪਰਕਾਸ਼ਮਾਨ ਬਿਨਾਂ ਬਦਲਾਂ ਵਾਲੀ ਸਵੇਰ ਨੂੰ ਜਿਹੜੇ ਮਸੀਹ ਵਿੱਚ ਹੋ ਕੇ ਮਰੇ ਹਨ ਜੀ ਉਠਣਗੇ,
ਅਤੇ ਮਹਿਮਾ ਵਾਲੇ ਪੁਨਰਥਾਨ ਵਿੱਚ ਹਿੱਸੇਦਾਰ ਹੋਣਗੇ,
ਜਦੋਂ ਉਸਦੇ ਚੁਣੇ ਹੋਏ ਲੋਕ ਅਕਾਸ਼ ਦੇ ਪਾਰ ਆਪਣੇ ਘਰ ਨੂੰ ਜਾਣ ਲਈ ਇਕੱਠੇ ਹੋਣਗੇ,
ਜਦੋਂ ਉੱਥੇ ਹਾਜ਼ਰੀ ਲੱਗੇਗੀ, ਮੈਂ ਵੀ ਉੱਥੇ ਹੋਵਾਂਗਾ।

ਕਿਉਂ? ਮੇਰੇ ਕੋਲ ਉਸਦੇ ਜੀ ਉੱਠਣ ਦੀ ਰਸੀਦ ਹੈ। ਉਹ ਜੀ ਉੱਠਿਆ! ਤੁਸੀਂ ਕਿਸ ਤਰ੍ਹਾਂ ਜਾਣਦੇ ਹੋ? ਉਹ ਮੇਰੇ ਦਿਲ ਵਿੱਚ ਜਿਉਂਦਾ ਹੈ। ਉਹ ਆਪਣੀ ਨਿਹਚਾਵਾਨ ਕਲੀਸੀਆ ਦੇ ਦਿਲ ਵਿੱਚ ਜਿਉਂਦਾ ਹੈ।

51 ਇਸ ਬਾਰੇ ਸੋਚੋ, ਦੋਸਤੋ। ਤਲਾਅ ਥੋੜੇ ਚਿਰ ਵਿੱਚ ਤਿਆਰ ਹੋ ਜਾਵੇਗਾ, ਨਿੱਘੇ ਪਾਣੀ ਨਾਲ, ਬਪਤਿਸਮਿਆਂ ਦੇ ਲਈ, ਜਿਵੇਂ ਹੀ ਅਸੀਂ ਵਾਪਸ ਆਉਂਦੇ ਹਾਂ।

ਆਓ ਕੁਝ ਪਲਾਂ ਲਈ ਆਪਣੇ ਸਿਰਾਂ ਨੂੰ ਝੁਕਾਈਏ।

52 ਮੈਂ ਅੱਜ ਹੈਰਾਨ ਹਾਂ, ਜੇਕਰ ਸਾਡੇ ਵਿਚਕਾਰ ਕੋਈ ਇੱਕ ਜਾਂ ਬਹੁਤ ਅਜਿਹੇ ਹੋਣ ਜਿਨ੍ਹਾਂ ਅਜੇ ਤਕ ਕੁਰਬਾਨੀ ਦੀ ਕਦਰ ਕਰਕੇ ਉਸਨੂੰ ਸਵੀਕਾਰ ਨਾ ਕੀਤਾ ਹੋਵੇ, ਅਤੇ ਤੁਸੀਂ ਚਾਹੋਗੇ ਕਿ ਤੁਹਾਨੂੰ ਪ੍ਰਾਰਥਨਾ ਅੰਦਰ ਯਾਦ ਕੀਤਾ ਜਾਵੇ,

ਕਿ ਪਰਮੇਸ਼ੁਰ ਅਜੀਬ ਢੰਗ ਨਾਲ ਤੁਹਾਡੇ ਦਿਲਾਂ ਨਾਲ ਗੱਲ ਕਰੇ, ਕਿ ਉਸਦੀ ਕੁਰਬਾਨੀ ਨੂੰ ਕਬੂਲ ਕਰੋਗੇ, ਜੋ ਤੁਹਾਡੇ ਆਤਮਾ ਦੀ ਸਫਾਈ ਕਰਨ ਲਈ ਹੈ।

53 ਯਾਦ ਰੱਖੋ ਅੱਜ ਅਸੀਂ ਨ ਕੇਵਲ ਈਸਟਰ ਨੂੰ ਨਵੇਂ ਕੱਪੜੇ ਪਾਉਣ ਜਾਂ ਨਵੇਂ ਟੋਪ ਪਾਉਣ ਲਈ ਮਨਾ ਰਹੇ ਹਾਂ; ਇਹ ਕਰਨਾ ਠੀਕ ਹੈ, ਇਹ ਕਿਸੇ ਨਵੀਂ ਚੀਜ ਦਾ ਨਿਸ਼ਾਨ ਹੈ। ਪਰਮੇਸ਼ੁਰ ਨੇ ਕੁਝ ਨਵਾਂ ਕੀਤਾ ਹੈ। ਜੋ, ਸਭ ਠੀਕ ਹੈ। ਇਹ ਸਿਰਫ਼ ਇੰਨ੍ਹਾਂ ਹੀ ਨਹੀਂ ਹੈ। ਈਸਟਰ ਦਾ ਇਹ ਮਤਲਬ ਨਹੀਂ ਹੈ। ਜਾਂ, ਈਸਟਰ ਤੇ ਪਾਲਤੂ ਸਹੇ, ਆਂਡੇ, ਛੋਟੇ ਚੂਚੇ ਆਦਿ, ਜਾਂ ਈਸਟਰ ਚਿੱਤਰਕਾਰੀ, ਨਹੀਂ ਭਾਈ ਇਹ ਨਹੀਂ ਹੈ।

54 ਈਸਟਰ ਇੱਕ ਜਿੱਤ ਹੈ, ਇਹ ਧਰਤੀ ਉੱਪਰ ਇੱਕ ਫਤਿਹ ਹੈ, ਕਿ ਉਸਨੇ ਆਪਣੇ ਪੁੱਤਰ ਨੂੰ ਮੁਰਦਿਆਂ ਵਿੱਚੋਂ ਜਿਉਂਦਾ ਕੀਤਾ ਹੈ। "ਅਤੇ ਜੋ ਕੋਈ ਉਸ ਉੱਤੇ ਨਿਹਚਾ ਕਰਦਾ ਹੈ, ਨਾਸ਼ ਨਹੀਂ ਹੋਵੇਗਾ, ਪਰ ਸਦੀਪਕ ਜੀਵਨ ਪਾਏਗਾ।"

55 ਇਹ ਪੁਨਰ ਉਥਾਨ ਤੁਹਾਡੇ ਆਪਣੇ ਜੀਵਨ ਵਿੱਚ ਵੀ ਹੋ ਸਕਦਾ ਹੈ। ਜੇ ਕਰ ਇਹ ਤੁਹਾਡੇ ਕੋਲ ਨਹੀਂ ਹੈ, ਤਾਂ ਕੀ ਅੱਜ ਸਵੇਰ ਤੁਸੀਂ ਆਪਣਾ ਹੱਥ ਉਸ ਲਈ ਖੜ੍ਹਾ ਕਰੋਗੇ, ਜਦ ਤੁਸੀਂ ਆਪਣੇ ਸਿਰ ਝੁਕਾਏ ਹੋਏ ਹਨ, ਇਸ ਪ੍ਰਕਾਰ ਆਖੋਗੇ, "ਪਰਮੇਸ਼ੁਰ, ਮੈਨੂੰ ਯਾਦ ਰੱਖਣਾ, ਕਿ ਉਹ ਪੁਨਰ ਉਥਾਨ ਵਾਲਾ ਜੀਵਨ, ਕਾਸ਼ ਕਿ ਮੇਰੇ ਦਿਲ ਅੰਦਰ ਵੀ ਆ ਜਾਵੇ।" ਕੀ ਤੁਸੀਂ ਆਪਣਾ ਹੱਥ ਖੜ੍ਹਾ ਕਰੋਗੇ ਅਤੇ ਕਹੋਗੇ, "ਭਾਈ ਬ੍ਰਨਹਾਮ, ਮੇਰੇ ਲਈ ਵੀ ਪ੍ਰਾਰਥਨਾ ਕਰੋ, ਜਿਵੇਂ ਮੈਂ ਆਪਣਾ ਹੱਥ ਉਠਾਉਂਦਾ ਹਾਂ"? ਪ੍ਰਭੂ ਤੁਹਾਨੂੰ ਆਸ਼ੀਸ਼ ਦੇਵੇ। ਪ੍ਰਭੂ ਤੁਹਾਨੂੰ ਆਸ਼ੀਸ਼ ਦੇਵੇ। ਕੀ ਕੋਈ ਹੋਰ ਵੀ ਹੈ ਜੋ ਆਪਣਾ ਹੱਥ ਖੜ੍ਹਾ ਕਰਕੇ ਕਹੇਗਾ, "ਭਾਈ, ਮੇਰੇ ਲਈ ਪ੍ਰਾਰਥਨਾ ਕਰੋ, ਕਿ ਮੈਂ ਇਸ ਜੀ ਪੁਨਰ ਉਥਾਨ ਵਾਲੇ ਜੀਵਨ ਨੂੰ ਕਬੂਲ ਕਰ ਸਕਾਂ"?

ਉਸ ਪ੍ਰਕਾਸ਼ਮਾਨ ਅਤੇ ਬਦਲਾਂ ਰਹਿਤ ਸਵੇਰ ਨੂੰ...

ਹੁਣ ਇਸਨੂੰ ਸੋਚੋ ਜਦ ਕਿ ਅਸੀਂ...?...

...ਮਸੀਹ ਜੀ ਉਠੇਗਾ,
ਅਤੇ ਉਸਦੇ ਪੁਨਰਥਾਨ ਦੀ ਮਹਿਮਾ ਵੰਡੇਗਾ;
ਜਦੋਂ ਸਭ ਚੁਣੇ ਹੋਏ ਉਸ ਪਾਰ ਇਕੱਠੇ ਹੋ ਜਾਣਗੇ,
ਜਦੋਂ ਉੱਥੇ ਹਾਜ਼ਰੀ ਲੱਗੇਗੀ, ਮੈਂ ਉੱਥੇ ਹੋਵਾਂਗਾ।

ਜਦੋਂ ਉੱਥੇ ਹਾਜ਼ਰੀ ਲੱਗੇਗੀ, ਮੈਂ ਉੱਥੇ ਹੋਵਾਂਗਾ,
ਜਦੋਂ ਉੱਥੇ ਹਾਜ਼ਰੀ ਲੱਗੇਗੀ,
ਹੁਣ ਜੇ ਕਰ ਤੁਸੀਂ ਯਕੀਨੀ ਨਹੀਂ ਜਾਣਦੇ, ਇਸਨੂੰ ਠੀਕ ਕਰੋ, ਹੁਣ।

…ਉੱਥੇ ਹਾਜ਼ਰੀ ਲੱਗੇਗੀ,
ਜਦੋਂ ਉੱਥੇ ਹਾਜ਼ਰੀ ਲੱਗੇਗੀ, ਮੈਂ ਉੱਥੇ ਹੋਵਾਂਗਾ।

ਆਓ ਅਸੀਂ ਮਾਲਿਕ ਲਈ ਕੰਮ ਕਰਨਾ ਸ਼ੁਰੂ ਕਰੀਏ…
(ਸੰਤੋ ਇਹ ਤੁਹਾਡੇ ਲਈ ਹੈ।)…ਸੂਰਜ,
ਆਓ ਅਸੀਂ ਗੱਲ ਕਰੀਏ…

56 ਹੁਣ ਤੁਸੀਂ ਜੋ ਮਸੀਹੀ ਹੋ, ਪਰਮੇਸ਼ੁਰ ਨਾਲ ਵਾਦਾ ਕਰਨਾ ਚਾਹੁੰਦੇ ਹੋ, ਹੋਰ ਕੰਮ ਕਰਨ ਲਈ; ਹੇਠਾਂ ਆ ਜਾਓ, ਉਸ ਵੱਲ ਉੱਪਰ ਨੂੰ ਹੱਥ ਖੜ੍ਹਾ ਕਰੋ।

ਜਦੋਂ ਉੱਥੇ ਹਾਜ਼ਰੀ ਲੱਗੇਗੀ, ਮੈਂ ਉੱਥੇ ਹੋਵਾਂਗਾ। (ਪ੍ਰਭੂ ਤੁਹਾਨੂੰ ਬਰਕਤ ਦੇਵੇ।)

ਜਦੋਂ ਮੇਰਾ ਨਾਮ…(ਜਦੋਂ ਮੇਰਾ ਨਾਮ ਪੁਕਾਰਿਆ ਜਾਵੇਗਾ, ਮੈਂ ਉੱਥੇ ਹੋਵਾਂਗਾ,)
ਜਦੋਂ ਉੱਥੇ ਹਾਜ਼ਰੀ ਲੱਗੇਗੀ,
ਜਦੋਂ ਉੱਥੇ ਹਾਜ਼ਰੀ ਲੱਗੇਗੀ,
ਜਦੋਂ ਉੱਥੇ ਹਾਜ਼ਰੀ ਲੱਗੇਗੀ, ਮੈਂ ਉੱਥੇ ਹੋਵਾਂਗਾ।

57 ਪਿਆਰੇ ਪਰਮੇਸ਼ੁਰ, ਤੁਸੀਂ ਇੱਥੇ ਹਰੇਕ ਹਿਰਦੇ ਨੂੰ ਵੇਖਿਆ ਹੈ, ਅਤੇ ਤੁਸੀਂ ਉਹਨਾਂ ਦੇ ਉਦੇਸ਼ ਅਤੇ ਨਿਸ਼ਾਨੇ ਨੂੰ ਜਾਣਦਾ ਹੈਂ। ਅਤੇ ਮੈਂ ਦਯਾ ਲਈ ਪ੍ਰਾਰਥਨਾ ਕਰਦਾ ਹਾਂ। ਪਰਮੇਸ਼ੁਰ, ਇਹ ਬਖਸ਼ ਦੇ, ਕਿ ਇਹਨਾਂ ਲੋਕਾਂ ਨੂੰ ਦਯਾ ਦਿਖਾਈ ਜਾਏ। ਤੇਰੇ ਲੋਕ ਇਸ ਵੇਲੇ ਸਵੇਰ ਨੂੰ ਤੇਰੀ ਭਗਤੀ ਕਰਨ ਆਏ ਹਨ। ਉਹ ਇਸ ਸਥਾਨ ਤੇ—ਤੇ ਤੁਹਾਡਾ ਵਚਨ ਸੁਣਨ ਆਏ ਹਨ।

58 ਜਿਵੇਂ ਅਸੀਂ ਕਿਹਾ, ਕਿ, ਜਦੋਂ ਤੁਸੀਂ ਇੱਥੇ ਜੀਵਨ ਵਤੀਤ ਕੀਤਾ ਸੀ, ਤਾਂ ਤੁਹਾਡੇ ਵਰਗਾ ਕੋਈ ਵੀ ਜੀਵਨ ਨਹੀਂ ਸੀ। ਮਰਦੇ ਹੋਏ, ਬਸ ਤੁਸੀਂ ਹੀ ਇੱਕ ਸੀ ਜੋ ਇਸ ਤਰ੍ਹਾਂ ਦੀ ਮੌਤ ਮਰ ਸਕਦੇ ਸੀ। ਜਦੋਂ ਤੁਹਾਨੂੰ ਦਫ਼ਨਾਇਆ ਗਿਆ, ਤਾਂ ਤੁਸੀਂ ਸਾਡੇ ਪਾਪਾਂ ਨੂੰ ਦੂਰ ਲੈ ਗਏ; ਲੋਕਾਂ ਦੇ ਪਾਪਾਂ ਨੂੰ ਉਠਾ ਕੇ, ਤੁਸੀਂ ਉਨ੍ਹਾਂ ਨੂੰ ਭੁੱਲ ਜਾਣ ਵਾਲੇ ਸਮੁੰਦਰ ਵਿੱਚ ਸੁੱਟ ਦਿੱਤਾ। ਪਰ, ਜੀ ਉਠ ਕੇ, ਸਾਨੂੰ ਸਦਾ ਲਈ ਧਰਮੀ ਠਹਿਰਾ ਦਿੱਤਾ ਹੈ। ਅਤੇ ਅੱਜ, ਅਸੀਂ ਤੇਰੀ, ਆਮਦ ਨੂੰ ਉਡੀਕ ਰਹੇ ਹਾਂ।

59 ਪਰਮੇਸ਼ੁਰ, ਉਹਨਾਂ ਨੂੰ ਆਸ਼ੀਸ਼ ਦਿਓ। ਸਾਡੀ ਸਹਾਇਤਾ ਕਰੋ। ਅਸੀਂ ਮੰਨਦੇ ਹਾਂ ਸਾਡੇ ਕੋਲ ਬਹੁਤ ਸਮਾਂ ਨਹੀਂ ਹੈ, ਇਹ ਤਾਂ ਨੇੜੇ ਆਣ ਪਹੁੰਚਾ ਹੈ। ਅਤੇ ਕਿਸੇ ਸਮੇਂ…ਹੁਣ ਤੋਂ ਇੱਕ ਹੀ ਘੰਟੇ ਅੰਦਰ, ਵਿਗਿਆਨੀਆਂ ਦੇ ਅਨੁਸਾਰ, ਹੋ ਸਕਦਾ ਹੈ ਕਿ ਕੋਈ ਦੇਸ਼ ਨਾ ਰਹੇ। ਅਤੇ ਅਸੀਂ ਬੇਨਤੀ ਕਰਦੇ ਹਾਂ, ਪਰਮੇਸ਼ੁਰ, ਜਿਸ ਤਰ੍ਹਾਂ ਅਸੀਂ ਇਸ ਈਸਟਰ ਦੀ ਸਵੇਰ ਨੂੰ ਤੇਰੀ ਆਮਦ

ਦੇ ਲਈ ਬੂਹੇ ਤੇ ਖੜ੍ਹੇ ਹਾਂ, ਜੋ ਕਲੀਸੀਆ ਦੀ ਆਸ ਹੈ। ਕਈ ਹਜਾਰਾਂ ਧਰਤੀ ਅੰਦਰ ਖਾਕ ਵਿੱਚ ਹਨ, ਜੋ ਉਸ ਘੜੀ ਦਾ ਇੰਤਜਾਰ ਕਰ ਰਹੇ ਹਨ, ਅਤੇ ਉਹਨਾਂ ਦੇ ਆਤਮੇ ਵੇਦੀ ਹੇਠ, ਪੁਕਾਰ ਰਹੇ ਹਨ, "ਪ੍ਰਭੂ, ਹੋਰ ਕਿੰਨਾ ਚਿਰ? ਕਿੰਨਾ ਚਿਰ ਹੋਰ?" ਮੇਰੀ ਬੇਨਤੀ ਹੈ, ਪਰਮੇਸ਼ੁਰ, ਕਿ ਤੁਸੀਂ ਸਾਡੇ ਨਾਲ ਗੱਲ ਕਰੋਗੇ। ਅਤੇ ਸਾਨੂੰ ਯਾਦ ਰਹੇ ਚਾਹੇ ਅਸੀਂ ਧਰਤੀ ਕੁਝ ਵੀ ਕਰੀਏ, ਇਹ ਬਹੁਤ ਘੱਟ ਹੈ। ਅਤੇ ਕੇਵਲ ਹੁਣ ਇੱਕ ਹੀ ਕੰਮ ਹੈ ਜੋ ਅਸੀਂ ਕਰ ਸਕਦੇ ਹਾਂ, ਕਿ ਤੇਰੀ ਆਮਦ ਦਾ ਇੰਤਜਾਰ ਕਰੀਏ, ਅਤੇ ਹਰੇਕ ਨੂੰ ਦੱਸੀਏ। ਸੰਦੇਸ਼ ਜਰੂਰੀ ਹੈ। ਕਾਸ਼ ਕਿ ਇਸ ਨੂੰ ਅਸੀਂ ਲੋਕਾਂ ਤਕ, ਝੱਟ ਲੈ ਜਾਈਏ, ਕਿ ਤੁਸੀਂ ਕਿਸੇ ਸਮੇਂ ਵੀ ਆ ਸਕਦੇ ਹੋ। ਇਸ ਤੋਂ ਪਹਿਲਾਂ ਕਿ ਇਹ ਬੰਬ ਅਤੇ ਉਹ ਮਿਜਾਇਲਾਂ, ਜਿਨ੍ਹਾਂ ਬਾਰੇ ਉਹ ਗੱਲ ਕਰ ਰਹੇ ਹਨ, ਕਿ ਇੱਕ ਮਿੰਟ ਦੇ ਸਮੇਂ ਅੰਦਰ ਉਨ੍ਹਾਂ ਵਿੱਚੋਂ ਹੀ ਹਜਾਰਾਂ ਧਰਤੀ ਉੱਤੇ ਹੋ ਸਕਦੇ ਹਨ; ਇਹ ਹੋਣ ਤੋਂ ਪਹਿਲਾਂ ਹੀ, ਤੁਸੀਂ ਆਉਣ ਦਾ ਵਾਦਾ ਕੀਤਾ ਹੈ, ਪ੍ਰਭੂ, ਕਿ ਆਪਣੇ ਲੋਕਾਂ ਨੂੰ ਲੈ ਜਾਵੋਗੇ। ਪ੍ਰਭੂ, ਇਹ ਇਸੇ ਤਰ੍ਹਾਂ ਹੋਵੇਗਾ। ਇਸ ਲਈ, ਇਹ ਕਿਸੇ ਵੀ ਮਿੰਟ, ਕਲੀਸੀਆ ਲਈ ਪੁਨਰ ਉਥਾਨ ਹੋ ਸਕਦਾ ਹੈ, ਕਲੀਸਿਯਾ ਲਈ ਇੱਕ ਈਸਟਰ ਹੋ ਸਕਦਾ ਹੈ; ਇੱਕ ਪਾਪ ਭਰੇ ਜੀਵਨ ਤੋਂ ਪੁਨਰ ਉਥਾਨ, ਮਸੀਹ ਰਾਹੀਂ ਇੱਕ ਅਨੰਤ ਜੀਵਨ ਲਈ। ਸਾਡੀਆਂ ਪ੍ਰਾਰਥਨਾਵਾਂ ਨੂੰ ਸੁਣੋ।

60 ਅੱਜ, ਜਿਉਂ ਹੀ ਅਸੀਂ ਦੂਸਰੀਆਂ ਸਭਾਵਾਂ, ਸੰਡੇ ਸਕੂਲ ਸਿੱਖਿਆ ਵੱਲ ਜਾਂਦੇ ਹਾਂ, ਹੇ ਪ੍ਰਭੂ, ਦੁਬਾਰਾ ਸਾਡੇ ਨਾਲ ਗੱਲ ਕਰ, ਅਤੇ ਕਾਸ਼ ਕਿ ਬਹੁਤੇਰੇ ਦਿਲ ਅਜੀਬ ਢੰਗ ਨਾਲ ਚੇਤਾਵਨੀ ਪਾਉਣ। ਅਤੇ ਕਾਸ਼ ਕਿ ਉਹ ਦਰਜਨਾਂ ਦੀ ਗਿਣਤੀ ਵਿੱਚ, ਇਸ ਸਵੇਰ ਈਸਟਰ ਦੀ ਸਵੇਰ, ਇਸ ਤਲਾਅ ਵੱਲ, ਪ੍ਰਭੂ ਯਿਸੂ ਦੀ ਕੁਰਬਾਨੀ ਨੂੰ ਕਬੂਲ ਕਰਦੇ ਹੋਏ, ਉਸ ਨਾਲ ਦਫ਼ਨ ਹੋਣ ਨੂੰ ਆਉਣ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਉਹ ਕਿਸ ਕਲੀਸਿਯਾ ਨਾਲ ਸਬੰਧਤ ਹਨ, ਜਾਂ ਕਿਸ ਧਾਰਮਿਕ ਮਤ ਨਾਲ ਉਹ ਸੰਗਤ ਕਰਦੇ ਹਨ, ਇਸ ਨਾਲ ਕੋਈ ਮਤਲਬ ਨਹੀਂ ਹੈ। ਪਰ ਕੀ ਉਹਨਾਂ ਉਸ ਕੁਰਬਾਨੀ ਨੂੰ ਕਬੂਲ ਕੀਤਾ ਹੈ ਕਿ ਨਹੀਂ? ਮੰਨਦੇ ਹਾਂ ਕਿ ਉਹ ਭਲੇ ਨਹੀਂ ਹਨ, ਸਿਰਫ਼ ਇੱਕ ਯਿਸੂ ਹੀ ਭਲਾ ਹੈ? ਅਤੇ ਸਾਡੇ ਲਈ, ਸਾਡੀ ਜਗ੍ਹਾ ਮਰਿਆ। ਸਾਡੇ ਬਦਲੇ ਉਸ ਆਪ ਸਾਡੇ ਪਾਪ ਉਠਾਏ ਅਤੇ ਪਾਪਾਂ ਨੂੰ ਦਫ਼ਨ ਕੀਤਾ, ਅਤੇ ਅਸੀਂ ਹੁਣ ਸਿਫਰ ਉਸ ਅੰਦਰ ਜਿਉਂਦੇ ਹਾਂ। ਸਾਡੀਆਂ ਕਲਿਸਿਆਵਾਂ ਸਾਡੇ ਪਾਪ ਦਫ਼ਨ ਨਹੀਂ ਕਰ ਸਕਦੀਆਂ, ਸਾਡੇ ਆਪਣੇ ਜੀਵਨ ਵੀ ਸਾਡੇ ਆਪ ਦਫ਼ਨ ਨਹੀਂ ਕਰ ਸਕਦੇ, ਪਰ ਮਸੀਹ ਨੇ ਸਾਡੇ ਪਾਪਾਂ ਨੂੰ ਭੁੱਲ ਜਾਣ ਵਾਲੇ ਸਮੁੰਦਰ ਵਿੱਚ ਦਫ਼ਨ ਕਰ ਦਿੱਤਾ ਹੈ। ਪ੍ਰਭੂ, ਬਖਸ਼ ਦੇ ਕਿ ਹੁਣ ਇਹ ਗੱਲਾਂ ਤੇਰੀ ਨਜਰ ਵਿੱਚ ਸ਼ਾਨਦਾਰ ਠਹਿਰਨ।

61 ਫਿਰ ਅੱਜ ਰਾਤ, ਪ੍ਰਭੂ, ਕਾਸ਼ ਕਿ ਤੁਸੀਂ ਆਪਣੇ ਜੀ ਉੱਠਣ ਦੀ ਸਮਰੱਥਾ ਵਿੱਚ ਇਸ ਤਰ੍ਹਾਂ ਆਓ, ਅਤੇ ਇਸ ਛੋਟੀ ਜਿਹੀ ਜਗ੍ਹਾ ਨੂੰ ਹਿਲਾ ਦੇ ਜਿਸ ਤਰ੍ਹਾਂ ਪਹਿਲਾਂ ਕਦੇ ਨਹੀਂ ਹਿਲਾਇਆ। ਕਾਸ਼ ਕਿ ਅਚਰਜ ਕੰਮ ਅਤੇ ਨਿਸ਼ਾਨ ਪ੍ਰਗਟ ਕੀਤੇ ਜਾਣ। ਇਸ ਨੂੰ ਦੁਹਰਾਓ, ਜਿਸ ਤਰ੍ਹਾਂ ਕੁਝ ਐਤਵਾਰ ਪਹਿਲਾਂ ਕੀਤਾ ਸੀ, ਪ੍ਰਭੂ, ਜਦੋਂ ਮਾਂਦਿਆਂ ਅਤੇ ਰੋਗੀਆਂ ਨੂੰ ਅਚਰਜ ਢੰਗ ਨਾਲ ਚੰਗਾ ਕੀਤਾ ਗਿਆ ਸੀ। ਪ੍ਰਭੂ, ਅਸੀਂ ਬੇਨਤੀ ਕਰਦੇ ਹਾਂ, ਅੱਜ ਰਾਤ ਤੇਰੀ ਮਹਿਮਾ ਲਈ ਇਹ ਦੁਬਾਰਾ ਹੋਵੇਗਾ।

62 ਹੁਣ ਸਾਡੇ ਅਪਰਾਧਾਂ ਨੂੰ ਮਾਫ ਕਰ ਦਿਓ, ਪ੍ਰਭੂ, ਅਤੇ ਕਾਸ਼ ਇਹ, ਸਾਡੇ ਵਿੱਚੋਂ ਕਈਆਂ ਲਈ ਇਹ ਅਸਲ ਈਸਟਰ ਹੋਵੇ, ਸਗੋਂ ਸਾਡੇ ਸਭਨਾਂ ਲਈ ਅਸਲ ਈਸਟਰ ਬਣ ਜਾਵੇ। ਅਤੇ ਉਨ੍ਹਾਂ ਵਿੱਚੋਂ ਕੁਝ ਜਿਹਨਾਂ ਨੇ ਕਦੇ ਨਹੀਂ ਜਾਣਿਆ ਕਿ ਈਸਟਰ ਦੀ ਆਸ਼ੀਸ਼ ਕੀ ਸੀ, ਕਾਸ਼ ਅੱਜ ਇਹ ਹੋਵੇ ਕਿ ਮਸੀਹ ਉਹਨਾਂ ਦੇ ਦਿਲਾਂ ਅੰਦਰ ਜੀ ਉੱਠੇ, ਇੱਕ ਨਵੀਂ ਆਸ ਅਤੇ ਨਵੇਂ ਜੀਵਨ ਲਈ। ਉਹਨਾਂ ਦਾ ਧਿਆਨ ਕਲਵਰੀ ਵੱਲ ਖਿੱਚ। ਅਸੀਂ ਇਹ ਯਿਸੂ ਦੇ ਨਾਮ ਵਿੱਚ, ਮੰਗਦੇ ਹਾਂ। ਆਮੀਨ।

63 [ਟੇਪ ਵਿੱਚ ਖਾਲੀ ਥਾਂ—ਸੰਪਾ.]…ਇਸ ਸੰਗਤੀ ਦੇ ਸਮੇਂ ਦੌਰਾਨ। ਤੁਹਾਡੇ ਵਿੱਚੋਂ ਕਿੰਨ੍ਹੇ ਹਨ ਜੋ ਪ੍ਰਭੂ ਨੂੰ ਪਿਆਰ ਕਰਦੇ ਹਨ? ਬਸ ਆਪਣੇ ਹੱਥ ਖੜ੍ਹੇ ਕਰੋ। ਔਹ, ਮੇਰੇ, ਇਹ ਸ਼ਾਨਦਾਰ ਹੈ!

64 ਭਾਈ ਮੈਕਡੋਵੱਲ, ਮੈਂ ਸੁਣਿਆ ਹੈ ਤੁਸੀਂ ਬੱਚੀ ਨੂੰ ਸਮਰਪਿਤ ਕਰਵਾਉਣਾ ਚਾਹੁੰਦੇ ਹੋ। ਕੀ ਤੁਸੀਂ ਸੰਡੇ ਸਕੂਲ ਲਈ ਵਾਪਿਸ ਮੁੜ ਕੇ ਆਓਗੇ, ਕੀ ਆ ਸਕਦੇ ਹੋ? ਠੀਕ ਹੈ, ਇਹ ਵਧੀਆ ਹੋਵੇਗਾ। ਅਸੀ ਉਦੋਂ ਹੀ ਬੱਚਿਆਂ ਨੂੰ ਸਮਰਪਿਤ ਕਰਾਂਗੇ ਅਤੇ ਆਦਿ, ਉਸ ਸਮੇਂ ਤੇ, ਜੇਕਰ ਤੁਹਾਨੂੰ ਬੁਰਾ ਨਾ ਲੱਗੇ, ਇਹ ਸਭ ਸਹੀ ਹੈ।

65 ਅਤੇ ਹੁਣ, ਅਸੀਂ ਸਭਾ ਨੂੰ ਕੁਝ ਪਲਾਂ ਲਈ ਬਰਖਾਸਤ ਕਰ ਰਹੇ ਹਾਂ, ਤਾਂ ਜੋ ਤੁਸੀਂ ਆਪਣੇ ਸਥਾਨ ਤੇ ਜਾ ਕੇ ਨਾਸ਼ਤਾ ਲੈ ਸਕੋ, ਅਤੇ ਫਿਰ ਵਾਪਿਸ ਆ ਜਾਣਾ। ਅਸੀਂ ਖੁਸ਼ ਹਾਂ ਕਿ ਤੁਸੀਂ ਇੱਥੇ ਸੀ।

66 ਅਤੇ ਹੁਣ, ਆਓ ਬਸ ਖੜ੍ਹੇ ਹੋਈਏ। ਅਤੇ ਉਹੀ ਗੀਤ ਜੋ ਅਸੀਂ ਕੁਝ ਸਮਾਂ ਪਹਿਲਾਂ ਗਾ ਰਹੇ ਸੀ, "ਉਸ ਪ੍ਰਕਾਸ਼ਮਾਨ ਅਤੇ ਬਿਨਾਂ ਬਦਲਾਂ…" ਕਿੰਨੇ ਹਨ ਜਿਨ੍ਹਾਂ ਅੰਦਰ ਇਹ ਆਸ ਹੈ? ਆਓ ਵੇਖੀਏ ਤੁਸੀਂ ਆਪਣੇ ਹੱਥ ਖੜ੍ਹੇ ਕਰੋ। ਖੜ੍ਹੇ ਹੋ ਜਾਓ।

…ਉਸ ਪ੍ਰਕਾਸ਼ਮਾਨ ਅਤੇ ਬਦਲਾਂ ਰਹਿਤ…

ਹੁਣ ਇਸ ਨੂੰ ਗਾਓ।

…ਜਦੋਂ ਮਸੀਹ ਵਿੱਚ ਮਰੇ ਹੋਏ ਜੀ ਉਠਣਗੇ,
ਅਤੇ ਉਸਦੇ ਪੁਨਰਥਾਨ ਦੀ ਮਹਿਮਾ ਸਾਂਝੀ ਕੀਤੀ ਜਾਵੇਗੀ;
ਜਦੋਂ ਸਭ ਚੁਣੇ ਹੋਏ, ਉਸ ਪਾਰ ਇਕੱਠੇ ਹੋ ਜਾਣਗੇ,
ਜਦੋਂ ਉੱਥੇ ਹਾਜ਼ਰੀ ਲੱਗੇਗੀ, ਮੈਂ ਉੱਥੇ ਹੋਵਾਂਗਾ।

ਜਦੋਂ ਮੇਰਾ ਨਾਮ ਪੁਕਾਰਿਆ ਜਾਵੇਗਾ,
ਜਦੋਂ ਉੱਥੇ ਹਾਜ਼ਰੀ ਲੱਗੇਗੀ,
ਜਦੋਂ ਉੱਥੇ ਹਾਜ਼ਰੀ ਲੱਗੇਗੀ,
ਜਦੋਂ ਉੱਥੇ ਹਾਜ਼ਰੀ ਲੱਗੇਗੀ, ਮੈਂ ਉੱਥੇ ਹੋਵਾਂਗਾ।

67 ਹੁਣ, ਜਿਵੇਂ ਕਿ ਅਸੀਂ ਅਗਲੀ ਤੁਕ ਗਾਉਂਦੇ ਹਾਂ:

ਆਓ ਅਸੀਂ ਮਾਲਿਕ ਲਈ ਮੇਹਨਤ ਕਰੀਏ, ਪਹੁ ਤੋਂ ਲੈ ਕੇ ਸੂਰਜ ਢਲਣ ਤਕ,
ਆਓ ਅਸੀਂ ਗੱਲ ਕਰੀਏ, (ਦੁਨੀਆਂ ਦੀਆਂ ਚੀਜਾਂ ਬਾਰੇ ਨਹੀਂ ਪਰ,) ਆਓ ਅਸੀਂ ਉਹਦੇ ਪਿਆਰ, ਦੇਖਭਾਲ ਅਤੇ ਅਚਰਜ ਕੰਮਾਂ ਬਾਰੇ ਗੱਲ ਕਰੀਏ।

ਜਦਕਿ ਅਸੀਂ ਇਸਨੂੰ ਕਰਦੇ ਹਾਂ, ਕਿਸੇ ਨਾਲ ਹੱਥ ਮਿਲਾਓ ਜੋ ਤੁਹਾਡੇ ਪਿੱਛੇ, ਤੁਹਾਡੇ ਸਾਹਮਣੇ, ਤੁਹਾਡੇ ਨੇੜੇ ਹੈ। ਆਓ ਅਸੀਂ ਸਭ ਹੁਣ ਇਸਨੂੰ ਕਰੀਏ। ਕਹੋ, "ਸ਼ੁਭ ਸਵੇਰ, ਮਸੀਹੀ ਦੋਸਤ, ਮੈਂ ਇਸ ਕਲੀਸਿਯਾ ਵਿੱਚ ਤੁਹਾਡੇ ਨਾਲ ਹੋ ਕੇ ਖੁਸ਼ ਹਾਂ।" ਸਭ ਠੀਕ ਹੈ।

ਆਓ ਅਸੀਂ ਮਾਲਕ ਲਈ ਮੇਹਨਤ ਕਰੀਏ…
…ਉਹਦੇ ਪਿਆਰ, ਫਿਕਰ ਅਤੇ ਅਚਰਜ ਕੰਮਾਂ ਬਾਰੇ;
ਫਿਰ ਜਦੋਂ ਸਾਰਾ ਜੀਵਨ ਖਤਮ ਹੋ ਜਾਂਦਾ ਹੈ, ਅਤੇ ਧਰਤੀ ਉਪਰਲਾ ਸਾਡਾ ਕੰਮ ਖਤਮ ਹੋ ਜਾਂਦਾ ਹੈ,
ਅਤੇ ਜਦੋਂ ਉੱਥੇ ਹਾਜਰੀ ਲੱਗੇਗੀ, ਮੈਂ ਉੱਥੇ ਹੋਵਾਂਗਾ।

ਜਦੋਂ ਉੱਥੇ ਹਾਜਰੀ ਲੱਗੇਗੀ,
ਜਦੋਂ ਹਾਜਰੀ…
…ਉੱਥੇ,
ਅਤੇ ਜਦੋਂ ਉੱਥੇ ਹਾਜਰੀ ਲੱਗੇਗੀ, ਮੈਂ ਉੱਥੇ ਹੋਵਾਂਗਾ।

ਕਿਉਂ? ਅਸੀਂ ਉੱਥੇ ਕਿਵੇਂ ਹੋਵਾਂਗੇ? ਕਿਉਂਕਿ:

ਜਿਉਂਦੇ ਹੋਏ, ਉਸਨੇ ਮੈਨੂੰ ਪ੍ਰੇਮ ਕੀਤਾ; ਮਰ ਕੇ, ਉਸਨੇ ਮੈਨੂੰ ਬਚਾ ਲਿਆ;

ਦਫਨ ਹੋ ਕੇ, ਉਹ ਮੇਰੇ ਪਾਪ ਦੂਰ ਲੈ ਗਿਆ;
ਜੀ ਉੱਠ ਕੇ, ਉਸਨੇ ਮੈਨੂੰ ਹਮੇਸ਼ਾ ਦੇ ਲਈ ਧਰਮੀ ਠਹਿਰਾ ਕੇ ਅਜਾਦ ਕੀਤਾ:
ਕਿਸੇ ਦਿਨ ਉਹ ਆ ਰਿਹਾ ਹੈ—ਔਹ, ਮਹਿਮਾ ਭਰਿਆ ਦਿਨ।

ਜਦੋਂ ਉੱਥੇ ਹਾਜਰੀ ਲਗਾਈ ਜਾਵੇਗੀ, ਮੈਂ ਉੱਥੇ ਹੋਵਾਂਗਾ। (ਸਾਡੇ ਕੋਲ ਰਸੀਦ ਹੈ।)

…ਨਾਮ…ਉੱਥੇ,
ਜਦੋਂ ਉੱਥੇ ਹਾਜ਼ਰੀ ਲੱਗੇਗੀ,
ਜਦੋਂ ਉੱਥੇ ਹਾਜ਼ਰੀ ਲੱਗੇਗੀ,
ਜਦੋਂ ਉੱਥੇ ਹਾਜ਼ਰੀ ਲੱਗੇਗੀ, ਮੈਂ ਉੱਥੇ ਹੋਵਾਂਗਾ।

ਆਓ ਆਪਣੇ ਸਿਰਾਂ ਨੂੰ ਝੁਕਾਈਏ।

68 ਪ੍ਰਭੂ, ਕਿਸੇ ਪ੍ਰਕਾਸ਼ਮਾਨ ਅਤੇ ਸਾਫ ਸਵੇਰ ਨੂੰ, ਜਦੋਂ ਅਸੀਂ ਉਸ ਮਹਾਨ ਸਤਰੰਗੀ ਪੀਂਘ ਨੂੰ ਅਕਾਸ਼ ਵਿੱਚ ਆਉਂਦੇ ਵੇਖਾਂਗੇ (ਪਰਮੇਸ਼ਵਰ ਦੇ ਨੇਮ ਦਾ ਨਿਸ਼ਾਨ, ਅਨੰਤਕਾਲੀ ਨੇਮ: ਉਹ ਆਪਣੇ ਵਾਅਦੇ ਨੂੰ ਪੂਰਾ ਕਰਦਾ ਹੈ।), ਫਿਰ ਅਸੀਂ ਵੇਖਾਂਗੇ, ਆਉਂਦੇ ਹੋਏ, ਅਤੇ ਕਬਰ ਦੇ ਪੱਥਰ ਪਿੱਛੇ ਹੱਟ ਜਾਣਗੇ, ਅਤੇ ਉਹ ਜਿਹੜੇ ਧਰਤੀ ਦੀ ਧੂੜ ਵਿੱਚ ਸੁੱਤੇ ਹਨ ਉਹ ਪਹਿਲੇ ਈਸਟਰ ਦੀ ਮਹਿਮਾ ਵਿੱਚ ਸਾਂਝੀ ਹੋਣ ਲਈ ਜੀ ਉਠਣਗੇ ਉਹਦੇ ਨਾਲ, ਜਿਸਨੇ ਇਸਨੂੰ ਸੰਭਵ ਬਣਾਇਆ ਹੈ, ਸਾਡਾ ਪ੍ਰਭੂ। ਉਹਦੇ ਲਈ ਤੇਰਾ ਧੰਨਵਾਦ, ਪ੍ਰਭੂ। ਮੈਂ ਬਹੁਤ ਖੁਸ਼ ਹਾਂ, ਪ੍ਰਭੂ, ਕਿ ਆਸ ਮੇਰੇ ਦਿਲ ਵਿੱਚ ਵੱਸਦੀ ਹੈ। ਮੈਂ ਦੇਖਦਾ ਹਾਂ ਕਿ ਮੇਰੇ ਮੋਢੇ ਝੁਕ ਰਹੇ ਹਨ, ਪ੍ਰਭੂ, ਅਤੇ—ਅਤੇ ਮੇਰੀ ਉਮਰ ਹੋ ਰਹੀ ਹੈ; ਮੈਂ ਪਹਾੜੀ ਦੀ ਚੋਟੀ ਤੇ ਹਾਂ, ਉੱਥੋਂ ਵੇਖ ਰਿਹਾ ਹਾਂ। ਪ੍ਰਭੂ, ਮੈਂ ਬਹੁਤ ਖੁਸ਼ ਹਾਂ ਕਿ ਉਹ ਆਸ ਮੇਰੇ ਅੰਦਰ ਬਲ ਰਹੀ ਹੈ। ਕਿਸੇ ਦਿਨ ਤੁਸੀਂ ਆਓਗੇ। ਮੈਂ ਖੁਸ਼ ਹਾਂ ਕਿ ਇੱਥੇ ਅੱਜ ਬਹੁਤ ਸਾਰੇ ਹਨ ਜੋ ਇੰਝ ਹੀ ਮਹਿਸੂਸ ਕਰ ਰਹੇ ਹਨ।

69 ਮੈਂ ਪ੍ਰਾਰਥਨਾ ਕਰਦਾ ਹਾਂ, ਪ੍ਰਭੂ, ਕਿ ਤੁਸੀਂ ਸਾਨੂੰ ਮਹਾਨ ਦਿਨ ਦਿਓਗੇ, ਅੱਜ, ਸਾਡੇ ਸਾਰੇ ਅਪਰਾਧਾਂ ਨੂੰ ਮਾਫ ਕਰਦੇ ਹੋਏ, ਜਦ ਅਸੀਂ ਆਪਣੀਆਂ ਗਲਤੀਆਂ ਨੂੰ ਮੰਨਿਆ ਹੈ, ਅਤੇ ਮੰਨਦੇ ਹਾਂ ਕਿ ਅਸੀਂ ਯੋਗ ਨਹੀਂ ਹਾਂ। ਪਰ ਮਸੀਹ ਦੀ ਮੌਤ, ਦਫ਼ਨਾਇਆ ਜਾਣ, ਪੁਨਰ ਉਥਾਨ, ਆਪਣੀ ਆਤਮਾ ਨਾਲ ਸਿੱਧ ਕੀਤਾ ਹੈ ਕਿ ਉਹ ਸਾਡੇ ਹਿਰਦਿਆਂ ਅੰਦਰ ਜੀ ਉੱਠਿਆ ਹੈ, ਆਪਣੇ ਜੀ ਉੱਠਣ ਦਾ ਭਾਗੀ ਬਣਾਇਆ, ਸਾਡੇ ਕੋਲ ਸਾਡੇ ਦਿਲਾਂ ਵਿੱਚ ਸਾਡੇ ਮੁੜ੍ਹ ਜੀ ਉੱਠਣ ਦਾ ਬਿਆਨਾ ਹੈ। ਕਿਉਂ ਜੋ ਪਾਪ ਤੋਂ, ਅਸੀਂ ਮਰੇ ਹੋਏ ਹਾਂ, ਅਤੇ

ਅਸੀਂ ਨਵੇਂ ਜੀਵਨ ਵਿੱਚ ਦਾਖਲ ਹੋ ਗਏ ਹਾਂ, ਅਤੇ ਦੁਨੀਆਂ ਦੀਆਂ ਪੁਰਾਣੀਆਂ ਗੱਲਾਂ ਤੋਂ ਨਵੀਆਂ ਗੱਲਾਂ ਵਿੱਚ ਜੀ ਉੱਠੇ ਹਾਂ। ਇਹ ਇੱਕ ਬਿਆਨਾ, ਪੇਸ਼ਗੀ ਹੈ, ਹੇ ਪ੍ਰਭੂ, ਇਹ—ਇਹ ਸਾਡੇ ਮੁੜ੍ਹ ਤੋਂ ਜੀ ਉੱਠਣ ਦਾ ਬਿਆਨਾ ਹੈ।

70 ਅਸੀਂ ਇਸਨੂੰ ਮਹਿਸੂਸ ਕਰਨ ਅਤੇ ਇੱਕ ਦੂਜੇ ਨਾਲ ਇਸਦਾ ਆਨੰਦ ਲੈਣ ਲਈ ਖੁਸ਼ ਹਾਂ। ਇਹ ਗੱਲਾਂ, ਅਸੀਂ ਸਾਡੇ ਦਿਲ ਦੇ ਵੱਡੇ ਖਜਾਨੇ ਵਾਂਗੂ ਫੜੀਆਂ ਹਨ, ਜੋ ਪੈਸਿਆਂ ਨਾਲ ਨਹੀਂ ਖਰੀਦੀਆਂ ਜਾ ਸਕਦੀਆਂ, ਅਤੇ ਸੰਸਾਰ ਇਸਨੂੰ ਮਿਟਾ ਨਹੀਂ ਸਕਦਾ, ਕਿਉਂਕਿ ਪ੍ਰਭੂ ਨੇ ਇਹ ਸਾਨੂੰ ਮੁਫ਼ਤ ਦਿੱਤਾ ਹੈ, ਜਿਵੇਂ ਮਸੀਹ ਇਸ ਲਈ ਮੁਫ਼ਤ ਵਿੱਚ ਮਰਿਆ।

71 ਹੁਣ, ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਤੁਸੀਂ ਇਸ ਸਵੇਰ ਸਾਡੇ ਨਾਲ ਹੋਵੋਂਗੇ। ਹੁਣ, ਸਾਡੀ ਸਹਾਇਤਾ ਕਰੋ, ਅਤੇ ਥੋੜ੍ਹੀ ਦੇਰ ਅਰਾਮ ਕਰਕੇ, ਅਤੇ ਵਾਪਿਸ ਆਉਣ ਲਈ। ਸਾਨੂੰ ਇੱਕ ਵਧੀਆ ਅਗਲੀ ਸਭਾ ਦਿਓ। ਕਿਉਂਕਿ ਅਸੀਂ ਇਸਨੂੰ ਉਸ ਦੇ ਨਾਮ ਵਿੱਚ ਮੰਗਦੇ ਹਾਂ, ਜਿਸਨੇ ਸਾਨੂੰ ਇਕੱਠੇ ਪ੍ਰਾਰਥਨਾ ਕਰਨੀ ਸਿਖਾਈ:

> ਸਾਡੇ ਪਿਤਾ ਜੋ ਸਵਰਗ ਵਿੱਚ ਹੈ, ਤੇਰਾ ਨਾਮ ਪਵਿੱਤਰ ਮੰਨਿਆ ਜਾਵੇ।
> ਤੇਰਾ ਰਾਜ ਆਵੇ। ਤੇਰੀ ਮਰਜੀ ਜਿਵੇਂ ਸਵਰਗ ਵਿੱਚ ਪੂਰੀ ਹੁੰਦੀ ਹੈ, ਉਸੇ ਤਰਾਂ ਧਰਤੀ ਉੱਤੇ ਵੀ ਹੋਵੇ।
> ਸਾਡੇ ਰੋਜ ਦੀ ਰੋਟੀ ਸਾਨੂੰ ਦੇ।
> ਸਾਡੇ ਅਪਰਾਧਾਂ ਨੂੰ ਮਾਫ ਕਰ, ਜਿਵੇਂ ਅਸੀਂ ਵੀ ਉਨ੍ਹਾਂ ਨੂੰ ਮਾਫ਼ ਕਰਦੇ ਹੋ ਜਿਹੜੇ ਸਾਡੇ ਵਿਰੁੱਧ ਅਪਰਾਧ ਕਰਦੇ ਹਨ।
> ਸਾਨੂੰ ਪਰਤਾਵੇ ਵਿੱਚ ਨਾ ਪੈਣ ਦੇ, ਸਗੋਂ ਬੁਰਾਈ ਤੋਂ ਬਚਾ; ਕਿਉਂ ਜੋ ਰਾਜ, ਸ਼ਕਤੀ, ਅਤੇ ਮਹਿਮਾ, ਸਦਾ ਤੇਰੇ ਹੀ ਹਨ। ਆਮੀਨ।

72 ਪ੍ਰਭੂ ਤੁਹਾਨੂੰ ਬਰਕਤ ਦੇਵੇ, ਹੁਣ, ਜਦੋਂ ਤੱਕ ਅਸੀਂ ਤੁਹਾਨੂੰ ਦੁਬਾਰਾ ਮਿਲਦੇ ਹਾਂ, ਲਗਭਗ…ਸਾਢੇ-ਨੌਂ ਵਜੇ। ਤੁਸੀਂ ਇੱਕ ਦੂਜੇ ਨਾਲ ਹੱਥ ਮਿਲਾਓ; ਅਤੇ ਅਸੀਂ ਤੁਹਾਨੂੰ ਸਾਢੇ-ਨੌਂ ਵਜੇ ਮਿਲਾਂਗੇ।

59-0329S ਜਿਉਣਾ, ਮਰਨਾ, ਦਫ਼ਨ ਹੋਣਾ, ਜੀ ਉਠਣਾ, ਫੇਰ ਆਉਣਾ
ਬ੍ਰਾਨਹਾਮ ਟੇਬਰਨੇਕਲ
ਜੈਫਰਸਨਵਿਲੇ, ਇੰਡੀਆਨਾ ਸੰਯੁਕਤ ਰਾਜ ਅਮਰੀਕਾ

PUNJABI

©2024 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

## ਕਾਪੀਰਾਈਟ ਨੋਟਿਸ

ਸਾਰੇ ਹੱਕ ਰਾਖਵੇਂ ਹਨ । ਇਹ ਕਿਤਾਬ ਨਿਜੀ ਵਰਤੋਂ ਜਾਂ ਯਿਸੂ ਮਸੀਹ ਦੇ ਸ਼ੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰਿੰਟਰ ਤੇ ਛਾਪੀ ਜਾ ਸਕਦੀ ਹੈ । ਇਹ ਕਿਤਾਬ ਵੋਇਸ ਆਫ ਗੋਡ ਰਿਕਾਰਡਿੰਗਜ® ਵਲੋਂ ਲਿਖਤੀ ਇਜ਼ਾਜ਼ਤ ਦੇ ਬਿਨਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਿਸੇ ਵੈਬਸਾਈਟ ਤੇ ਪੋਸਟ, ਕਿਸੇ ਰੀਟਰੀਵਲ ਸਿਸਟਮ ਤੇ ਸਟੋਰ, ਕਿਸੇ ਹੋਰ ਭਾਸ਼ਾ ਵਿੱਚ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ ।

ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਿਰਪਾ ਕਰੇ ਸੰਪਰਕ ਕਰੋ:



Voice Of God Recordings, India Office
19 (New No: 28) Shenoy Road, Nungambakkam
Chennai 600 034, India
044 28274560 • 044 28251791
india@vgroffice.org

Voice Of God Recordings
P.O. Box 950, Jeffersonville, Indiana 47131 U.S.A.
www.branham.org